
ISSN 0972-2335

# ਅੰਮ੍ਰਿਤ ਕੀਰਤਨ

ਅਗਸਤ 2017




**Darbar Sahib, Amritsar - Punjab**

**- as published in The Illustrated London News of November 6, 1858.**

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਲੀਜੇ ਆਪੂੰ ਜੋੜ

ਪ੍ਰੇਮ ਦੀ ਤਰੰਗ ਨੇ ਉਮੰਗ ਮੈਂ ਨਿਸੰਗ ਕੀਨੋ,
ਚਾਰ ਤੁੱਕ ਰੰਗ ਬਦਰੰਗ ਦਾਸ ਰਾਚਿਉ।

ਗਿਆਨ ਕੀ ਨ ਸਾਰ ਉਰਵਾਰ ਪਾਰ ਲਭਦਾ ਨਾ,
ਲੀਲਾ ਕਾ ਨ ਅੰਤ, ਕਰਤਾਰ ਮੇਰੇ ਸਾਚਿਉ।

ਹੋਵੇ ਜੇ ਸਹਾਈ, ਔਕੜ ਆਂਵਦੀ ਨ ਕਾਈ,
ਸਭ ਵੇਖਦੀ ਲੁਕਾਈ, ਸੱਚੇ ਰਬ ਪਾਸੋਂ ਜਾਚਿਉ।

ਬਿਨੇ ਹੱਥ ਜੋੜ, ਸੰਤੋਖ ਕਹਿਤ ਮੇਰੇ ਪ੍ਰਭੂ,
ਲੀਜੇ ਆਪੂੰ ਜੋੜ, ਨਾਲੇ ਭੁੱਲ ਚੁੱਕ ਮਾਫ਼ਿਉ।



# लीजै आपूं जोड़

प्रेम दी तरंग ने उमंग मैं निसंग कीनो,
चार तुक रंग बदरंग, दास राच्यो।

ज्ञान की न सार उरवार–पार लभदा न,
लीला का न अन्त करतार मेरे साचिओ।

होवे जे सहाई औकड़ आंवदी न काई,
सब वेखदी लुकाई सच्चे रब्ब पासों जाचिओ।

बिनै हत्थ जोड़, संतोखव कहत प्रभु मेरे,
लीजै आपूं जोड़ नाले भुल्ल चुक माफ़िओ।

ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ 'ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ-


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : www.amritkirtan.com



Typesetting & Design
ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,
ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ
ਫੋਨ : 0172-2216283, 98150-72197


# ਇਸ ਅੰਕ ਵਿਚ


ਸੰਪਾਦਕੀ : ਕਰਉ ਬੇਨੰਤੀਆ
ਆਵਹੁ ਭੈਣੇ ਗਲ ਮਿਲਹਿ — 4

ਗੁਰਮਤਿ ਸੰਗੀਤ ਤੇ ਸ਼ਾਸਤਰੀ ਸੰਗੀਤ ਦਾ ਤੁਲਨਾਤਮਕ ਅਧਿਐਨ — 5
ਡਾ. ਗੁਰਨਾਮ ਸਿੰਘ

ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ- ਡਾ. ਜਾਗੀਰ ਸਿੰਘ — 8

ਸਰਗਮ -ਭਾਗ ਪਹਿਲਾ -ਰੇ — 12
ਨਾਵਲ - ਗੁਰਮੁਖ ਸਿੰਘ ਸਹਿਗਲ

ਭਗਤੀ ਤੇ ਸ਼ਕਤੀ ਦਾ ਆਦਰਸ਼ਕ ਮਾਡਲ: ਗੁਰੂ ਗੋਬਿੰਦ ਸਿੰਘ - ਸੁਖਵਿੰਦਰ ਕੌਰ — 14

**ਰਾਗੀ ਭਾਈ ਜਸਵਿੰਦਰ ਸਿੰਘ** — **20**
ਪ੍ਰੋ. ਮੰਗਤ ਸਿੰਘ ਮਸਤਾਨਾ

THE MAGICAL EFFECTS OF MUSIC — 21
Dr. Sarabjeet Singh

ਸੁਰ ਲਿਪੀ- ਰਾਗ ਸਰਸਵਤੀ ਮਲ੍ਹਾਰ — 23


## ਮਾਇਕ ਸਹਾਇਤਾ ਭੇਜਣ ਲਈ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302, IFSC:STBP0000240 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations to AMRIT KIRTAN TRUST are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05- 2008 valid up to 31/03/2012 and now valid in perpetuity.

Cheque should be sent in the name of AMRIT KIRTAN TRUST payable at chandigarh. Donations also can be sent by money order

# ਕਰਉ ਬੇਨੰਤੀਆ

## ਆਵਹੁ ਭੈਣੇ ਗਲ ਮਿਲਹਿ

ਪਿਛਲੇ ਦਿਨੀਂ ਇੱਕ ਪੁਰਾਣੀ ਰੀਕਾਰਡਿੰਗ ਸੁਣ ਰਿਹਾ ਸਾਂ। ਜਿਸ ਵਿੱਚ ਇੱਕ ਸ਼ਬਦ -ਆਵਹੁ ਭੈਣੇ ਗਲ ਮਿਲਹਿ ਅੰਕ ਸਹੇਲੜੀਆ। ਮਿਲਿ ਕੇ ਕਰਹਿ ਕਹਾਣੀਆ ਸਮਰਥ ਕੰਤ ਕੀਆ- ਸੁਣਦਿਆਂ ਯਾਦ ਆਇਆ ਕਿ ਇਹ ਸ਼ਬਦ ਮੈਂ ਨਿਊਜ਼ੀਲੈਂਡ ਵਿਖੇ ਔਕਲੈਂਡ ਦੇ ਗੁਰਦੁਅਰਾ ਸਾਹਿਬ ਵਿਖੇ ਗਾਇਨ ਕੀਤਾ ਸੀ। ਸ਼ਬਦ ਸੁਣਦਿਆਂ ਨਿਊਜ਼ੀਲੈਂਡ ਦੀਆਂ ਯਾਦਾਂ ਤਾਜ਼ਾ ਹੋ ਗਈਆਂ। ਨਿਊਜ਼ੀਲੈਂਡ ਜਾਣ ਦਾ ਸਬੱਬ ਸੰਨ 1990-91 ਵਿੱਚ ਬਣਿਆ ਸੀ। ਇਸ ਸਮੇਂ ਮੇਰੇ ਸਤਿਕਾਰਯੋਗ ਮਿੱਤਰ ਡਾਕਟਰ ਪ੍ਰੀਤਮ ਸਿੰਘ ਉਥੇ ਰਹਿੰਦੇ ਸਨ। ਔਕਲੈਂਡ ਵਿੱਚ ਗੁਰਦੁਆਰਾ ਸਥਾਪਤ ਹੋ ਰਿਹਾ ਸੀ। ਉਹਨਾਂ ਦਾ ਪਰਿਵਾਰ ਚੰਡੀਗੜ੍ਹ ਰਹਿੰਦਾ ਹੈ। ਮੈਂ ਉਹਨਾਂ ਦੇ ਘਰਾਂ ਵਿੱਚ ਅਕਸਰ ਕੀਰਤਨ ਕਰਦਾ ਰਹਿੰਦਾ ਸਾਂ। ਇੱਕ ਸਮਾਗਮ ਤੇ ਉਹ ਚੰਡੀਗੜ੍ਹ ਆਏ ਹੋਏ ਸਨ। ਉਹਨਾਂ ਨੇ ਨਿਊਜ਼ੀਲੈਂਡ ਆਉਣ ਲਈ ਕਿਹਾ ਤੇ ਇਹ ਮੌਕਾ ਦਸੰਬਰ 1990 ਵਿੱਚ ਬਣਿਆ। ਉਥੇ ਮੈਂ 15-20 ਦਿਨ ਰਿਹਾ ਸਾਂ। ਉੱਥੇ ਅਨੇਕਾਂ ਮਿੱਤਰ ਬਣੇ। ਪਰ ਸ੍ਰ ਅਮਰਜੀਤ ਸਿੰਘ ਸ਼ਾਹ ਉਹਨਾਂ ਵਿੱਚੋਂ ਵਿਸ਼ੇਸ਼ ਹਨ। ਬਾਅਦ ਵਿੱਚ ਅਮਰਜੀਤ ਸਿੰਘ ਪਰਥ ਆਸਟ੍ਰੇਲੀਆ ਚਲੇ ਗਏ ਤੇ ਮੈਂ ਉਥੇ ਵੀ ਇਹਨਾਂ ਕੋਲ ਗਿਆ ਸਾਂ। ਡਾਕਟਰ ਪ੍ਰੀਤਮ ਸਿੰਘ ਹੋਰੀਂ ਵੀ ਅਮਰੀਕਾ ਸੈਨਐਟੋਨੀਓ ਟੈਕਸਾਸ ਚਲੇ ਗਏ ਸਨ ਮੈਨੂੰ ਉਹਨਾਂ ਉਥੇ ਵੀ ਬੁਲਾਇਆ ਸੀ। ਇਹ ਸਾਰੇ ਸੱਜਣ ਬਹੁਤ ਯਾਦ ਆਉਂਦੇ ਹਨ। ਪਰ ਅੱਜ ਤਾਂ ਮੈਂ ਇਸ ਸ਼ਬਦ ਬਾਰੇ ਗੱਲ ਕਰਨੀ ਹੈ। ਨਿਊਜ਼ੀਲੈਂਡ ਦੀ ਸੰਗਤ ਦੀ ਮੰਗ ਸੀ ਕਿ ਕੀਰਤਨ ਵਿੱਚ ਥੋਹੜੀ ਵਿਆਖਿਆ ਵੀ ਕੀਤੀ ਜਾਵੇ। ਮੈਨੂੰ ਵਿਆਖਿਆ ਕਰਨ ਦੀ ਬਹੁਤੀ ਮੁਹਾਰਤ ਨਹੀਂ ਹੈ। ਗੁਰਬਾਣੀ ਦੇ ਆਧਾਰ ਤੇ ਵਿਚਾਰ ਵਟਾਂਦਰਾ ਕਰਨਾ ਤਾਂ ਚੰਗਾ ਲਗਦਾ ਹੈ ਪਰ ਕੀਰਤਨ ਵਿੱਚ ਵਿਆਖਿਆ ਮੇਰੇ ਵੱਸ ਦੀ ਗੱਲ ਨਹੀਂ ਅੱਜ ਵੀ ਜਦੋਂ ਆਪਣਾ ਵਿਆਖਿਆ ਵਾਲਾ ਕੀਰਤਨ ਸੁਣਦਾ ਹਾਂ ਤਾਂ ਜਾਪਦਾ ਹੈ ਜਿਵੇਂ ਮੈਂ ਆਪਣੀ ਵਿਦਵਤਾ ਦਾ ਪਰਦਰਸ਼ਨ ਕਰ ਰਿਹਾ ਹੋਵਾਂ। ਖੈਰ ਕਈ ਸੱਜਣਾਂ ਨੂੰ ਉਹ ਵਿਆਖਿਆ ਵਾਲਾ ਕੀਰਤਨ  ਵੀ ਚੰਗਾ ਲਗਦਾ ਹੈ। ਜਦੋਂ ਉਪਰੋਕਤ ਸ਼ਬਦ ਗਾਇਨ ਕਰ ਰਿਹਾ ਸਾਂ ਤਾਂ ਉੱਥੇ ਤੁਕਾਂ ਆਈਆਂ-

ਜਾਇ ਪੁਛਹੁ ਸੁਹਾਗਣੀ ਤੁਸੀਂ ਰਾਵਿਆ ਕਿਨੀ ਗੁਣੀ।।
ਸਹਜ ਸੰਤੋਖ ਸੀਗਾਰੀਆ ਮਿਠਾ ਬੋਲਣੀ।

ਇਹਨਾਂ ਵਿਚਾਰਾਂ ਨੂੰ ਹੋਰ ਸਪਸ਼ਟ ਕਰਨ ਲਈ ਆਪਣੇ ਘਰਾਣੇ ਦੀ ਕੀਰਤਨ ਪਰੰਪਰਾ ਅਨੁਸਾਰ ਕੁਝ ਪਰਮਾਣ ਦਿੱਤੇ। ਫਰੀਦ ਜੀ ਦੇ ਸਲੋਕਾਂ ਵਿੱਚੋਂ-

ਕਵਣ ਸੁ ਅਖਰ ਕਵਣ ਗੁਣ ਕਵਣ ਸੁ ਮਣੀਆਂ ਮੰਤ।
ਕਵਣ ਸੁ ਵੇਸੋ ਹਉ ਕਰੀ ਜਿਤ ਵਸ ਆਵਹਿ ਕੰਤ।
ਨਿਵਣ ਸੁ ਅਖਰ ਖਵਣ ਗੁਣ ਜਿਹਬਾ ਮਣੀਆ ਮੰਤ।
ਇਹ ਤ੍ਰੈ ਭੈਣੇ ਵੇਸ ਕਰ ਤਾ ਵਸ ਆਵੀ ਕੰਤ।

ਮਿਠਾ ਬੋਲਣ ਬਾਰੇ ਗੁਰਬਾਣੀ ਵਿੱਚ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਇੱਥੋਂ ਤਕ ਕਿ ਪ੍ਰਮਾਤਮਾ ਦੇ ਗੁਣ ਬਿਆਨ ਕਰਨ ਵੇਲੇ ਉਸ ਵਿੱਚ ਇਸ ਗੁਣ ਦਾ ਖਾਸ ਜ਼ਿਕਰ ਕੀਤਾ ਗਿਆ ਹੈ -

ਮਿਠ ਬੋਲੜਾ ਜੀ ਹਰਿ ਸਜਣ ਸੁਆਮੀ ਮੋਰਾ।
ਹਉ ਸੰਭਲ ਥਕੀ ਜੀ ਉਹ ਕਦੇ ਨ ਬੋਲੇ ਕਉੜਾ।
ਖ਼ੂਬ ਤੇਰੀ ਪਗਰੀ ਮੀਠੇ ਤੇਰੇ ਬੋਲ।
ਤੇਰਾ ਮੁਖ ਸੁਹਾਵਾ ਜੀਉ ਸਹਜ ਧੁਨ ਬਾਣੀ।
ਕਵਲ ਨੈਣ ਮਧੁਰ ਬੈਨ ਕੋਟ ਸੈਨ ਸੰਗ ਸੋਭ
ਕਹਤ ਮਾ ਜਸੋਧ ਜਿਸੇ ਦਹੀ ਭਾਤ ਖਾਹਿ ਜੀਉ।

ਇਸ ਦੇ ਨਾਲ ਨਾਲ ਫਿਕਾ ਬੋਲਣ ਦੀ ਨਿਖੇਧੀ ਕੀਤੀ ਗਈ ਹੈ-

ਨਾਨਕ ਫਿਕੇ ਬੋਲੀਐ ਤਨ ਮਨ ਫਿਕਾ ਹੋਇ।
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ।
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ।
ਫਿਕਾ ਮੂਰਖ ਆਖੀਐ ਪਾਣਾ ਲਏ ਸਜਾਇ।-
ਹਿਕ ਫਿਕਾ ਨਾ ਗਾਲਾਇ ਸਭਨਾ ਮਹਿ ਸਚਾ ਧਣੀ।

ਇਹਨਾਂ ਸਾਰੀਆਂ ਤੁਕਾਂ ਦੀ ਵਿਆਖਿਆ ਕਰਨ ਨਾਲ ਹੀ ਇੱਕ ਵੱਡ ਆਕਾਰੀ ਲੇਖ ਬਣ ਸਕਦਾ ਹੈ। ਪਰ ਗੱਲ ਤਾਂ ਇਤਨੀ ਹੀ ਸਮਝਣ ਵਾਲੀ ਹੈ ਕਿ -

ਜਿਥੇ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤ ਪੀਜੈ।

ਮਿਠੇ ਬੋਲ, ਭਲੇ ਕਥਨ ਤਾਂ ਅੰਮ੍ਰਿਤ ਵਾਂਗ ਹਨ------ਭੁੱਲ ਚੁੱਕ ਖਿਮਾ

# ਗੁਰਮਤਿ ਸੰਗੀਤ ਤੇ ਸ਼ਾਸਤਰੀ ਸੰਗੀਤ ਦਾ ਤੁਲਨਾਤਮਕ ਅਧਿਐਨ

ਡਾ. ਗੁਰਨਾਮ ਸਿੰਘ

ਗੁਰਮਤਿ ਸੰਗੀਤ ਆਪਣੇ ਮੌਲਿਕ ਸੰਗੀਤ ਵਿਧਾਨ ਦੁਆਰਾ ਸੁਤੰਤਰ ਸੰਗੀਤ ਪਰੰਪਰਾ ਵਜੋਂ ਸਰੂਪਿਤ ਹੁੰਦਾ ਹੈ। ਨਿਰਸੰਦੇਹ ਇਹ ਸੰਗੀਤ ਪਰੰਪਰਾ ਭਾਰਤੀ ਸੰਗੀਤ ਦੇ ਮੂਲ ਤੱਤਾਂ ਦੁਆਰਾ ਨਿਰਮਿਤ ਸੰਗੀਤ ਪਰੰਪਰਾ ਹੈ। ਇਸ ਪਰੰਪਰਾ ਦੀ ਇਹ ਵਿਸ਼ਿਸ਼ਟਤਾ ਹੈ ਕਿ ਇਸ ਵਿਚ ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਦੇ ਵਿਭਿੰਨ ਤੱਤਾਂ ਅਤੇ ਰੂਪਾਂ ਦਾ ਪ੍ਰਯੋਗ ਤਾਂ ਕੀਤਾ ਗਿਆ ਹੈ ਪਰੰਤੂ ਇਹ ਵਿਭਿੰਨ ਤੱਤ ਅਤੇ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਨਿਰਦੇਸ਼ਿਤ ਸੰਗੀਤ ਵਿਧਾਨ ਦੇ ਅਨੁਸਾਰੀ ਹਨ। ਇਸ ਪਰੰਪਰਾ ਵਿਚ ਇਨਾਂ ਵਿਭਿੰਨ ਸੰਗੀਤ ਤੱਤਾਂ ਅਤੇ ਸੰਗੀਤ ਰੂਪਾਂ ਦੀ ਸੁਤੰਤਰ ਸੰਗੀਤਮਈ ਹੋਂਦ ਨਹੀਂ ਸਗੋਂ ਇਨਾਂ ਨੂੰ ਗੁਰਮਤਿ ਦੀ ਅਨੁਸਾਰੀ ਨਵੀਨ ਦ੍ਰਿਸ਼ਟੀ ਅਤੇ ਮੌਲਿਕ ਵਿਧੀ ਦੁਆਰਾ ਪ੍ਰਯੋਗ ਕੀਤਾ ਗਿਆ ਹੈ।। ਗੁਰਮਤਿ ਸੰਗੀਤ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਅਤੇ ਗੁਰਮਤਿ ਸੰਗੀਤ ਦੀ ਸਮੁਚੀ ਵਿਵਹਾਰਿਕਤਾ ਤੋਂ ਇਹ ਤੱਤ ਭਲੀ ਭਾਂਤ ਸਪਸ਼ਟ ਹੈ।

ਗੁਰਮਤਿ ਸੰਗੀਤ ਅਤੇ ਸ਼ਾਸਤਰੀ ਸੰਗੀਤ ਵਿਚ ਭਾਰਤੀ ਸੰਗੀਤ ਦੇ ਮੂਲ ਤੱਤ ਭਾਵ ਸੁਰ ਅਤੇ ਲੈਅ ਆਦਿ ਦਾ ਪ੍ਰਯੋਗ ਸਮਾਨ ਹੈ। ਇਸੇ ਤਰਾਂ ਹੀ ਗਾਇਨ ਹਿਤ ਸੁਰ ਆਪਣੇ ਵਿਸਥਾਰ ਦੁਆਰਾ ਰਾਗ ਅਤੇ ਗਾਇਨ ਸ਼ੈਲੀਆਂ ਵਿਚ ਸਰੂਪਿਤ ਹੁੰਦਾ ਹੈ ਅਤੇ ਵਾਦਨ ਵਿਚ ਵੀ ਇਸ ਦੇ ਵਖ-ਵਖ ਵਿਸਥਾਰ ਸਾਡੇ ਸਾਹਮਣੇ ਆਂਉਦੇ ਹਨ ਜੋ ਵਖ-ਵਖ ਗਾਇਨ ਵਾਦਨ ਰੂਪਾਂ ਦੁਆਰਾ ਵਿਸਥਾਰ ਗ੍ਰਹਿਣ ਕਰਦੇ ਹਨ। ਅਲਾਪ, ਤਾਨ, ਲੈਅ, ਤਾਲ ਆਦਿ ਦੇ ਵਖੋ-ਵਖਰੇ ਸੋਂਦਰਮਯੀ ਰੂਪ ਦੋਵੇਂ ਪਰੰਪਰਾਵਾਂ ਵਿਚ ਪ੍ਰਯੋਗ ਹੁੰਦੇ ਹਨ।

ਤੁਲਨਾਤਮਕ ਸੰਦਰਭ ਵਿਚ ਵਾਚੀਏ ਤਾਂ ਗੁਰਮਤਿ ਸੰਗੀਤ ਸ਼ਬਦ ਪ੍ਰਧਾਨ ਗਾਇਕੀ ਹੈ ਜਦੋਂ ਕਿ ਸ਼ਾਸਤਰੀ ਸੰਗੀਤ ਰਾਗ ਪ੍ਰਧਾਨ ਗਾਇਕੀ ਹੈ। ਇਸੇ ਤਰਾਂ ਹੀ ਗੁਰਮਤਿ ਸੰਗੀਤ ਵਿਚ ਲੈਅ ਦਾ ਪ੍ਰਯੋਗ ਵੀ ਸਹਿਜ ਅਤੇ ਭਗਤੀ ਭਾਵ ਸਿਰਜਣ ਹਿਤ ਕੀਤਾ ਜਾਂਦਾ ਹੈ ਪਰੰਤੂ ਇਨਾਂ ਦੇ ਅਤਿ ਵਿਲੰਬਿਤ ਤੇ ਦਰੁੱਤ ਰੂਪ ਗੁਰਮਤਿ ਸੰਗੀਤ ਦੀ ਸਹਿਜਮਈ ਕੀਰਤਨ ਪਰੰਪਰਾ ਦੇ ਅਨੁਕੂਲ ਨਹੀਂ ਹਨ । ਜਦੋਂ ਕਿ ਸ਼ਾਸਤਰੀ ਸੰਗੀਤ ਵਿਚ ਵਖ-ਵਖ ਪ੍ਰਕਾਰ ਦੀਆਂ ਰਚਨਾਵਾਂ ਲਈ ਲੈਅ ਦੇ ਸੰਭਾਵੀ ਭਿਨ-ਭਿਨ ਰੂਪਾਂ ਦਾ ਪ੍ਰਯੋਗ ਉਚਿੱਤ ਸਵਿਕਾਰਿਆ ਜਾਂਦਾ ਹੈ। ਗੁਰਮਤਿ ਸੰਗੀਤ ਵਿਚ ਸ਼ਬਦ ਦੇ ਵਖ-ਵਖ ਭਾਵਾਂ ਨੂੰ ਪ੍ਰਗਟਾਉਣ ਹਿਤ ਅਲਾਪ ਦਾ ਪ੍ਰਯੋਗ ਕੀਤਾ ਜਾਂਦਾ ਹੈ। ਅਲਾਪ ਦਾ ਵਿਵਿਧ ਪਖਾਂ ਤੋਂ ਪ੍ਰਯੋਗ ਗੁਰਮਤਿ ਸੰਗੀਤ ਦੇ ਅਨੁਕੂਲ ਹੈ ਪਰੰਤੂ ਇਸ ਦੁਆਰਾ ਸ਼ਬਦ ਦੇ ਮੂਲ ਅੰਤਰੀਵੀ ਭਾਵ ਦੀਆਂ ਪਰਤਾਂ ਮਾਨਵੀ ਮਨ ਵਿਚ ਸਪਸ਼ਟ ਕਰਨ ਹਿਤ ਹੀ ਪ੍ਰਯੋਗ ਹੋਣਾ ਚਾਹੀਦਾ ਹੈ। ਸ਼ਾਸਤਰੀ ਸੰਗੀਤ ਜੋ ਕਿ ਰਾਗ ਪ੍ਰਧਾਨ ਗਾਇਕੀ ਹੈ ਵਿਚ ਅਲਾਪ ਪ੍ਰਧਾਨ ਰਹਿੰਦਾ ਹੈ ਅਤੇ ਇਸ ਵਿਚ ਅਲਾਪ ਦਾ ਸੰਬੰਧਿਤ ਰਚਨਾ ਦੇ ਅਨੁਕੂਲ ਬਹੁਵਿਧੀਆਂ ਦੁਆਰਾ ਪ੍ਰਯੋਗ ਕੀਤਾ ਜਾ ਸਕਦਾ ਹੈ ਗੁਰਮਤਿ ਸੰਗੀਤ ਵਿਚ ਤਾਨ ਦੀ ਬਜਾਏ ਬੋਲ ਤਾਨ ਦੇ ਪ੍ਰਯੋਗ ਨੂੰ ਵਧੇਰੇ ਉਚਿਤ ਮੰਨਿਆ ਜਾਂਦਾ ਹੈ ਕਿਉਂਕਿ ਇਸ ਵਿਚ ਸ਼ਬਦ ਪ੍ਰਤੱਖ ਰਹਿੰਦਾ ਹੈ। ਬੋਲ ਤਾਨ ਕਦੇ ਵੀ ਸ਼ਬਦ ਉਪਰ ਹਾਵੀ ਨਹੀਂ ਹੋਣੀ ਚਾਹੀਦੀ ਸਗੋਂ ਬੋਲ ਤਾਨ ਦੀ ਕਲਾਤਮਕਤਾ ਸ਼ਬਦ ਦੇ ਭਾਵ ਨੂੰ ਹੋਰ ਰਸਿਕ ਤਰੀਕੇ ਨਾਲ ਸੰਚਰਿਤ ਕਰੇ ਤਾਂ ਹੀ ਇਸ ਦਾ ਪ੍ਰਯੋਗ ਉਚਿਤ ਅਤੇ ਢੁਕਵਾਂ ਹੈ । ਗੁਰਮਤਿ ਸੰਗੀਤ ਵਿਚ ਅਕਾਰਿਕ ਤਾਨ ਅਤੇ ਸਰਗਮ ਤਾਨ ਨੂੰ ਪ੍ਰਮੁਖਤਾ ਨਹੀਂ ਦਿਤੀ ਜਾਂਦੀ ਜਦਕਿ ਸ਼ਾਸਤਰੀ ਸੰਗੀਤ ਵਿਚ ਤਾਨਾਂ ਦਾ ਵਿਵਿਧ ਪਖੀ ਪ੍ਰਯੋਗ ਇਸ ਪਰੰਪਰਾ ਦੀ ਅਮੀਰੀ ਮਨਿਆ ਜਾਂਦਾ ਹੈ ਅਤੇ ਕਲਾ ਸਾਧਨਾ ਦਾ ਪ੍ਰਗਟਾਵਾ ਹਰ ਕਲਾਕਾਰ ਦੀ ਉਚਤਾ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ।

ਰਾਗ ਭਾਰਤੀ ਸੰਗੀਤ ਦੀ ਮੂਲ ਇਕਾਈ ਹੈ। ਭਾਰਤੀ ਸੰਗੀਤ ਵਿਸ਼ੇਸ਼ ਕਰਕੇ ਸ਼ਾਸਤਰੀ ਸੰਗੀਤ ਦੀ ਸਮੁੱਚੀ ਕਾਰਜ ਵਿਧੀ / ਕਲਾ ਪ੍ਰਦਰਸ਼ਨ ਰਾਗ, ਰਾਗ ਰੂਪ ਤੇ ਰਾਗ ਦੇ ਬਹੁਪੱਖੀ ਪ੍ਰਯੋਗ ਉਤੇ ਹੀ ਆਧਾਰਿਤ ਹੈ। ਇਸ ਲਈ ਰਾਗ ਨੂੰ ਭਾਰਤੀ ਸੰਗੀਤ ਤੇ ਗੁਰਮਤਿ ਸੰਗੀਤ ਦੋਹਾਂ ਵਿਚ ਹੀ ਭਰਪੂਰ ਰੂਪ ਵਿਚ ਪ੍ਰਯੋਗ ਕੀਤਾ ਹੈ। ਰਾਗ ਨੇ ਭਾਰਤੀ ਸੰਗੀਤ ਵਿਚੋਂ ਹੀ ਗੁਰਮਤਿ ਸੰਗੀਤ ਵਿਚ ਪ੍ਰਵੇਸ਼ ਕੀਤਾ ਹੈ ਪਰੰਤੂ ਇਨ੍ਹਾਂ ਦੋਵੇਂ ਪਰੰਪਰਾਵਾਂ ਵਿਚ ਰਾਗ ਦਾ ਪ੍ਰਯੋਗ ਤੇ ਮਹੱਤਵ ਵਖੋ-ਵਖਰਾ ਹੈ। ਰਾਗ ਭਾਰਤੀ ਸੰਗੀਤ ਦਾ ਪ੍ਰਮੁੱਖ ਤੱਤ ਹੈ। ਭਾਰਤੀ ਸੰਗੀਤ ਅਤੇ ਇਸਦੀਆਂ ਵਿਭਿੰਨ ਧਾਰਾਵਾਂ ਵਿਚ ਇਸਦਾ ਕੇਂਦਰਕਾਰੀ ਮਹੱਤਵ ਹੈ। ਜੇਕਰ ਰਾਗ ਨੂੰ ਸ਼ਾਸਤਰੀ ਸੰਗੀਤ ਦੀ ਜਿੰਦ

ਜਾਨ ਕਿਹਾ ਜਾਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ । ਇਸਦਾ ਮੂਲ ਗੁਣ ਰੰਜਕਤਾ ਹੈ। ਰੰਜਕਤਾ ਪ੍ਰਦਾਨ ਕਰਨ ਦੇ ਨਾਲ-ਨਾਲ ਇਹ ਆਪਣੇ ਸੁਰਾਤਮਕ ਸਰੂਪ ਦੁਆਰਾ ਬਾਹਰੀ ਇੰਦ੍ਰਿਆਵੀ ਆਕਰਸ਼ਣ ਤੋਂ ਅਲਗ ਕਰਕੇ ਆਨੰਦ ਦੀ ਦਸ਼ਾ ਵੱਲ ਲਿਜਾਂਦਾ ਹੈ ਅਤੇ ਉਸ ਸਮੇਂ ਇਸ ਰਾਗ ਦੇ ਮਾਧਿਅਮ ਦੁਆਰਾ ਗਾਇਨ ਕੀਤਾ ਵਿਸ਼ਾ ਵਸਤੂ, ਸਰੋਤੇ ਦੇ ਅੰਦਰ ਤਕ ਉਤਰਣ ਤੇ ਵੱਸਣ ਦੀ ਸਮਰੱਥਾ ਰਖਦਾ ਹੈ। ਇਸੇ ਤਰਾਂ ਜਦੋਂ ਰਾਗ ਦੁਆਰਾ ਇਲਾਹੀ ਬਾਣੀ ਜਾਂ ਕਿਸੇ ਅਧਿਆਤਮਕ ਕਾਵਿ ਦਾ ਗਾਇਨ ਕੀਤਾ ਜਾਂਦਾ ਹੈ ਤਾਂ ਅਧਿਆਤਮਕ ਬੋਧ ਅਤੇ ਰੱਬੀ ਸਤਿ ਦਾ ਸਹਿਜ ਆਭਾਸ ਹੁੰਦਾ ਹੈ ਕਿਉਂਕਿ ਇਹ ਮਨੁੱਖੀ ਮਨ ਨੂੰ ਆਪਣੇ ਰਾਗਾਤਮਕ ਸੁਮੋਹਨ ਦੁਆਰਾ ਵੱਸ ਕਰਨ ਦੀ ਸਮਰੱਥਾ ਰੱਖਦਾ ਹਨ।

ਗੁਰਮਤਿ ਸੰਗੀਤ ਵਿਚ ਰਾਗ ਦਾ ਪ੍ਰਮੁੱਖ ਸਥਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਯੋਗ ਕੀਤੇ ਗਏ ਰਾਗਾਂ ਦਾ ਪ੍ਰਯੋਜਨ ਵੀ ਅਧਿਆਤਮਕ ਭਾਵੀ ਹੈ।

– ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 958)

– ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ।।

(ਸ੍ਰੀ ਗੁਰੂ ਗ੍ਰੰਥ ਸਾਹਿਬ , ਪੰਨਾ 83)

ਅਜਿਹੇ ਫੁਰਮਾਨ ਬਾਣੀ ਦੇ ਵਖ-ਵਖ ਰਾਗ ਧਿਆਨਾਂ ਵਿਚ ਅੰਕਿਤ ਕੀਤੇ ਗਏ ਹਨ ਜਿਨ੍ਹਾਂ ਦੇ ਉਦਾਹਰਣ ਰਾਗ ਗੁਜਰੀ, ਧਨਾਸਰੀ, ਬਿਲਾਵਲ, ਸੋਰਠਿ, ਗੋੜੀ ਆਦਿ ਤੋਂ ਪ੍ਰਤੱਖ ਹਨ। ਬਾਣੀ ਦੇ ਇਨ੍ਹਾਂ ਫੁਰਮਾਨਾਂ ਵਿਚ ਸ਼ਾਸਤਰੀ ਸੰਗੀਤ ਦੇ ਪ੍ਰਮੁਖ ਤੱਤ ਰਾਗ ਦਾ ਪ੍ਰਯੋਗ ਕਰਦਿਆਂ ਇਸ ਦੀ ਸਾਰਥਿਕਤਾ ਨੂੰ ਦਰਸਾਉਣ ਲਈ ਇਸ ਦਾ ਅਧਿਆਤਮਕ ਭਾਵੀ ਪ੍ਰਯੋਗ ਸਪਸ਼ਟ ਕੀਤਾ ਹੈ ਕਿ ਸੰਬੰਧਿਤ ਰਾਗ ਤਾਂ ਹੀ ਸੁਰੰਗੜੇ, ਪ੍ਰਮੁਖ, ਸੁਲਖਣੇ, ਧਨਵੰਤੇ ਅਤੇ ਸੁਹਾਵਣੇ ਆਦਿ ਵਿਸ਼ਸ਼ਟ ਗੁਣਾਂ ਦੇ ਧਾਰਨੀ ਹੁੰਦੇ ਹਨ ਜੇਕਰ ਇਨ੍ਹਾਂ ਦੇ ਅਲਾਪਣ ਜਾਂ ਗਾਇਨ ਨਾਲ ਮਨ ਵਿਚ ਸੱਚ ਅਤੇ ਸੱਚ ਦਾ ਪਿਆਰ ਉਤਪੰਨ ਹੋਵੇ, ਜਿਸ ਨਾਲ ਆਪਣੇ ਸ਼ਹੁ ਦਾ ਮਿਲਾਪ ਹੋਵੇ, ਆਪਣੇ ਸਚੇ ਗੁਰੂ ਦੀ ਸੇਵਾ ਕਰਨ ਦਾ ਉਤਸ਼ਾਹ ਮਨ ਵਿਚ ਉਤਪੰਨ ਹੋਵੇ ਆਦਿ। ਰਾਗਾਂ ਸੰਬੰਧੀ ਇਨਾਂ ਫੁਰਮਾਨਾਂ ਤੋਂ ਸਪਸ਼ਟ ਹੈ ਕਿ ਗੁਰਮਤਿ ਸੰਗੀਤ ਵਿਚ ਪ੍ਰਯੋਗ ਪ੍ਰਮੁਖ ਤੱਤ ਨੂੰ ਸੰਗੀਤ ਜਾਂ ਸ਼ਾਸਤਰੀ ਸੰਗੀਤ ਵਿਚ ਪ੍ਰਯੋਗ ਕੀਤੇ ਜਾਣ ਵਾਲੇ ਰਾਗ ਦੇ ਵਿਵਿਧ ਪਖੀ ਰੂਪ ਵਿਚ ਨਹੀਂ ਸਵੀਕਾਰਿਆ ਗਿਆ ਸਗੋਂ ਇਸ ਨੂੰ ਬਾਣੀ ਅਤੇ ਗੁਰਮਤਿ ਦੇ ਵਿਸ਼ੇਸ਼ ਉਦੇਸ਼ ਦਾ ਧਾਰਨੀ ਬਣਾਇਆ ਗਿਆ ਹੈ। ਗੁਰਮਤਿ ਸੰਗੀਤ ਵਿਚ ਰਾਗ ਕੇਵਲ ਨਾਮ ਕਰਕੇ ਹੀ ਸ਼ਾਸਤਰੀ ਸੰਗੀਤ ਦੇ ਤੱਤ ਵਜੋਂ ਵਿਦਮਾਨ ਨਹੀਂ ਸਗੋਂ ਇਸਦੇ ਨਾਲ ਇਸ ਦਾ ਰਾਗਾਤਮਕ ਸਰੂਪ ਭਾਵ ਸੁਰ, ਆਰੋਹ-ਅਵਰੋਹ, ਗ੍ਰਹਿ ਸੁਰ, ਅੰਸ਼, ਨਿਆਸ, ਵਾਦੀ, ਸੰਵਾਦੀ ਤੱਤ ਆਦਿ ਵੀ ਸ਼ਾਸਤਰੀ ਸੰਗੀਤ ਦੇ ਵਿਭਿੰਨ ਤੱਤਾਂ ਵਜੋਂ ਉਜਾਗਰ ਹੁੰਦੇ ਹਨ। ਗੁਰਮਤਿ ਸੰਗੀਤ ਵਿਚ ਰਾਗ ਦੇ ਪ੍ਰਯੋਗ ਨੂੰ ਸਮਝਣ ਲਈ ਇਨ੍ਹਾਂ ਤੱਤਾਂ ਦੀ ਵਿਵਹਾਰਕਤਾ ਨੂੰ ਪਹਿਚਾਨਣਾ ਅਨਿਵਾਰਯ ਹੈ । ਰਾਗ ਦੇ ਵਖ-ਵਖ ਸਰੂਪ ਤੇ ਰਾਗ ਪ੍ਰਕਾਰ, ਮਿਸ਼ਰਤ ਰਾਗ, ਰਾਗ ਅੰਗ ਇਹ ਸਾਰਾ ਰਾਗ ਸੰਸਾਰ ਭਾਰਤੀ ਸ਼ਾਸਤਰੀ ਸੰਗੀਤ ਵਿਚੋਂ ਹੀ ਗੁਰਮਤਿ ਸੰਗੀਤ ਵਿਚ ਪ੍ਰਯੋਗ ਹੋ ਰਿਹਾ ਹੈ। ਗੁਰਮਤਿ ਸੰਗੀਤ ਵਿਚ ਬਾਣੀ ਦੀ ਪ੍ਰਸਤੁਤੀ ਲਈ ਵੱਖ-ਵੱਖ ਕੀਰਤਨ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ ਗਿਆ ਹੈ। ਇਨ੍ਹਾਂ ਗਾਇਨ ਸ਼ੈਲੀਆਂ ਵਿਚ ਭਾਰਤੀ ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਦਾ ਨਕਸ਼ ਉਜਾਗਰ ਹੁੰਦਾ ਹੈ। ਭਾਰਤੀ ਸ਼ਾਸਤਰੀ ਸੰਗੀਤ ਵਿਚ ਪ੍ਰਬੰਧ, ਧਰੁਪਦ, ਖਿਆਲ, ਠੁਮਰੀ, ਟੱਪਾ ਆਦਿ ਗਾਇਨ ਸ਼ੈਲੀਆਂ ਪ੍ਰਚਾਰ ਵਿਚ ਹਨ ਇਹਨਾਂ ਗਾਇਨ ਸ਼ੈਲੀਆਂ ਦਾ ਮਨੋਰਥ ਆਪਣੇ ਵਿਸ਼ਿਸ਼ਟ ਸਰੂਪ ਅਤੇ ਸ਼ਾਸਤਰੀ ਨਿਯਮਾਂ ਉਪਰ ਆਧਾਰਿਤ ਵਿਲੱਖਣ ਪਹਿਚਾਣ ਦੁਆਰਾ ਕਲਾਤਮਕ ਆਨੰਦ ਸਿਰਜਣਾ ਹੈ। ਇਨ੍ਹਾਂ ਸ਼ੈਲੀਆਂ ਨੂੰ ਗੁਰਮਤਿ ਸੰਗੀਤ ਵਿਚ ਵੀ ਪ੍ਰਯੋਗ ਕੀਤਾ ਗਿਆ ਹੈ। ਅੰਤਰ ਕੇਵਲ ਇਹ ਹੈ ਕਿ ਗੁਰਮਤਿ ਸੰਗੀਤ ਦੇ ਅਨੁਸ਼ਾਸਨ ਅਧੀਨ ਕਲਾਤਮਕ ਆਨੰਦ ਦੀ ਬਜਾਏ ਇਨ੍ਹਾਂ ਦਾ ਪ੍ਰਯੋਜਨ ਅਧਿਆਤਮਕ ਆਨੰਦ ਦੀ ਪ੍ਰਾਪਤੀ ਹੈ। ਇਥੇ ਇਨ੍ਹਾਂ ਸ਼ੈਲੀਆਂ ਨੂੰ ਸੰਗੀਤਕ ਨਾਮ ਦੀ ਬਜਾਏ ਬਾਣੀ ਪ੍ਰਧਾਨ ਹੋਣ ਕਰਕੇ ਕਾਵਿਕ ਨਾਮ ਦਿੱਤਾ ਗਿਆ ਹੈ ਕਿਉਂਜੋ ਬਾਣੀ ਕਾਵਿਕ ਜਾਮੇ ਵਿਚ ਦਰਜ ਹੈ। ਵਿਭਿੰਨ

ਕਾਵਿ ਰੂਪ ਭਿੰਨ-ਭਿੰਨ ਸ਼ਾਸਤਰੀ ਅਤੇ ਲੋਕ ਗਾਇਨ ਸ਼ੈਲੀਆਂ ਉਤੇ ਆਧਾਰਿਤ ਹਨ। ਸ਼ਾਸਤਰੀ ਕਾਵਿ ਸਰੂਪ ਸਿੱਧੇ ਤੌਰ 'ਤੇ ਸ਼ਾਸਤਰੀ ਗਾਇਨ ਸ਼ੈਲੀਆਂ ਨਾਲ ਸਬੰਧ ਰੱਖਦੇ ਹਨ। ਸ਼ਾਸਤਰੀ ਗਾਇਨ ਸ਼ੈਲੀਆਂ ਵਿਚ ਹਰੇਕ ਗਾਇਨ ਸ਼ੈਲੀ ਦਾ ਆਪਣਾ ਰੂਪ ਵਿਧਾਨ ਹੈ।

ਗੁਰਮਤਿ ਸੰਗੀਤ ਤੇ ਸ਼ਾਸਤਰੀ ਸੰਗੀਤ ਦੋਹਾਂ ਦੇ ਸੋਹਜਮਈ ਲਕਸ਼ ਵਿਚ ਭਿੰਨਤਾ ਹੈ। ਗੁਰਮਤਿ ਸੰਗੀਤ ਦਾ ਪ੍ਰਯੋਜਨ ਕਿਉਂ ਜੋ ਗੁਰੂ ਸਾਹਿਬਾਨ ਦੀ ਇਲਾਹੀ ਬਾਣੀ ਦੇ ਸੰਦੇਸ਼ ਜਾਂ ਇਲਾਹੀ ਬਾਣੀ ਦੇ ਭਾਵਾਂ ਨੂੰ ਮਨ ਵਿਚ ਵਸਾਉਣਾ ਅਤੇ ਦ੍ਰਿੜਾਉਣਾ ਹੈ। ਇਸ ਕਰਕੇ ਗੁਰਮਤਿ ਸੰਗੀਤ ਦੇ ਮੂਲ ਤਤਾਂ ਦਾ ਸੋਹਜਮਈ ਪ੍ਰਯੋਗ ਦਾ ਇਕੋ-ਇਕ ਆਧਾਰ ਅਤੇ ਪ੍ਰਯੋਗ ਸ਼ਬਦ ਹੈ। ਜਿਸਨੂੰ ਸਿੱਖ ਧਰਮ ਵਿਚ ਗੁਰੂ ਦਾ ਦਰਜਾ ਦਿਤਾ ਜਾਂਦਾ ਹੈ।

ਗੁਰਮਤਿ ਸੰਗੀਤ ਪਰੰਪਰਾ ਦਾ ਇਹ ਸੋਹਜਮਈ ਸਹਿਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਤੋਂ ਹੀ ਪ੍ਰਤਖ ਹੈ ਜਿਸ ਵਿਚ ਬਾਣੀ ਦਾ ਰਾਗਾਤਮਕ ਵਰਗੀਕਰਨ ਕਰਦਿਆਂ ਰਾਗਾਤਮਕ ਅਤੇ ਗਾਇਨਾਤਮਕ ਧਾਰਾਵਾਂ ਦੇ ਸਨਾਤਨੀ ਅਤੇ ਦੇਸੀ ਦੋਵੇਂ ਰੂਪਾਂ ਦਾ ਪ੍ਰਯੋਗ ਕੀਤਾ ਗਿਆ ਹੈ। ਇਨ੍ਹਾਂ ਵਿਚਲੀ ਕਟੜਤਾ, ਕਰੜਾਈ ਜਾਂ ਆਪ ਮੁਹਾਰੀ ਖੁਲ ਅਤੇ ਲਚਕ ਨੂੰ ਇਕ ਵਿਸ਼ੇਸ਼ ਸੰਗੀਤ ਵਿਧਾਨ ਦੇ ਅੰਕਨ ਦੁਆਰਾ ਨਿਰਦੇਸ਼ਿਤ ਕਰਦਿਆਂ ਮੌਲਿਕ ਸਹਿਜਮਈ ਰੂਪ ਦਿੱਤਾ ਗਿਆ ਹੈ ਜੋ ਮੌਲਿਕ ਤੇ ਨਿਵੇਕਲੇ ਸੌਂਦਰਯ ਦਾ ਧਾਰਨੀ ਹੈ। ਸੁਰ, ਲੈਅ, ਅਲਾਪ, ਤਾਨ ਵਰਗੇ ਮੂਲ ਸੰਗੀਤ ਤੱਤਾਂ ਦੇ ਸੰਦਰਭ ਵਿਚ ਵੇਖੀਏ ਤਾਂ ਗੁਰਮਤਿ ਸੰਗੀਤ ਵਿਚ ਇਨ੍ਹਾਂ ਦਾ ਪ੍ਰਯੋਗ ਸਹਿਜਮਈ ਹੈ ਜਿਸ ਦੁਆਰਾ ਸ਼ਬਦ ਅਤੇ ਸ਼ਬਦ ਦੇ ਭਾਵਾਂ ਦਾ ਰੰਜਕ ਪ੍ਰਗਟਾ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸ ਸਹਿਜਮਈ ਪਹੁੰਚ ਦੁਆਰਾ ਇਨ੍ਹਾਂ ਦਾ ਪ੍ਰਯੋਗ ਹੀ ਗੁਰਮਤਿ ਸੰਗੀਤ ਦਾ ਵਿਸ਼ਿਸ਼ਟ ਸੌਂਦਰਯ ਹੈ। ਰਾਗ ਅਤੇ ਗਾਇਨ ਸ਼ੈਲੀਆਂ ਦੇ ਸੰਦਰਭ ਵਿਚ ਵੀ ਇਹੋ ਸਥਿਤੀ ਪ੍ਰਗਟ ਹੁੰਦੀ ਹੈ। ਸਮੁਚੇ ਤੋਰ ਤੇ ਵਾਚੀਏ ਤਾਂ ਗੁਰਮਤਿ ਸੰਗੀਤ ਦੇ ਆਧਾਰ ਗ੍ਰੰਥ ਦੀ ਬਾਣੀ ਵਿਚ ਵੀ ਕੀਰਤਨ ਅਤੇ ਕੀਰਤਨੀਏ ਸਬੰਧੀ ਵਖ ਵਖ ਫੁਰਮਾਨ ਦਿਤੇ ਗਏ ਹਨ । ਉਨ੍ਹਾਂ ਤੋਂ ਵੀ ਸਪਸ਼ਟ ਹੁੰਦਾ ਹੈ ਕਿ ਇਸ ਕੀਰਤਨ ਪ੍ਰਸਤੁਤੀ ਦਾ ਮੂਲ ਮਨੋਰਥ ਬਾਣੀ ਦਾ ਸਹਿਜਮਈ ਪ੍ਰਗਟਾ ਅਤੇ ਸ਼ਬਦ ਦੇ ਮਨ ਵਿਚ ਵਾਸ ਦੁਆਰਾ ਉਸ ਸਤ ਦਾ ਪ੍ਰਕਾਸ਼ ਹੈ। ਗੁਰਮਤਿ ਸੰਗੀਤ ਸ਼ਬਦ ਦੇ ਇਸ ਸੋਹਜ ਨੂੰ ਸ਼ਬਦ ਕੀਰਤਨ ਦੁਆਰਾ ਪ੍ਰਗਟ ਕਰਦਾ ਹੈ ਜਿਸ ਵਿਚ ਸੰਗੀਤ ਦੇ ਮੂਲ ਸੌਂਦਰਯ ਦੀ ਸ਼ਕਤੀ ਨੂੰ ਸ਼ਬਦ ਹਿਤ ਪ੍ਰਯੋਗ ਕੀਤਾ ਗਿਆ ਹੈ।

ਗੁਰਮਤਿ ਸੰਗੀਤ ਦੀ ਤੁਲਨਾ ਵਿਚ ਸ਼ਾਸਤਰੀ ਸੰਗੀਤ ਦੇ ਸੌਂਦਰਯ ਦਾ ਵਿਸ਼ਲੇਸ਼ਣ ਕਰੀਏ ਤਾਂ ਸ਼ਾਸਤਰੀ ਸੰਗੀਤ ਦੇ ਸੌਂਦਰਾਤਮਕ ਆਧਾਰ ਦੇ ਕਲਾਤਮਕ ਪ੍ਰਯੋਜਨ ਦੇ ਧਾਰਨੀ ਹਨ। ਪੇਸ਼ਕਾਰੀ ਦੇ ਪੱਧਰ ਉਪਰ ਵੇਖੀਏ ਤਾਂ ਸ਼ਾਸਤਰੀ ਸੰਗੀਤ ਵਿਚ ਰਾਗ, ਗਾਇਨ ਸ਼ੈਲੀਆਂ ਦਾ ਪ੍ਰਯੋਗ ਉਚੱਤਮ, ਕਲਾਤਮਕ, ਸਿਖਰ, ਭਾਵ ਅਨੰਦ, ਵਿਸਰਜਨ ਜਾਂ ਮਾਨਵੀ ਮਨਾਂ ਦੇ ਸੰਗੀਤਮਈ ਭਾਵ ਵਿਵੇਚਨ ਵਾਸਤੇ ਕੀਤਾ ਜਾਂਦਾ ਹੈ। ਸ਼ਾਸਤਰੀ ਸੰਗੀਤ ਦਾ ਕਲਾਤਮਿਕ ਸੋਹਜ ਇਸ ਪਰੰਪਰਾ ਦੇ ਬਹੁ-ਰੂਪਾਂ ਦੇ ਵਿਭਿੰਨ ਵਿਸਥਾਰਾਂ ਨੂੰ ਜਨਮ ਦਿੰਦਾ ਹੈ। ਇਸ ਵਿਚ ਕਲਾ ਅਤੇ ਕਲਾ ਸਾਧਨਾ ਦੇ ਅਨਿਕ ਪਸਾਰ ਅਤੇ ਪ੍ਰਯੋਗ ਵਿਦਮਾਨ ਹਨ। ਸਮੁਚੇ ਤੋਰ ਤੇ ਗੁਰਮਤਿ ਸੰਗੀਤ ਦਾ ਸੋਹਜ ਇਸ ਦੇ ਸਹਿਜਮਈ ਸ਼ਬਦ ਵਿਚ ਵਿਦਮਾਨ ਹੈ ਅਤੇ ਸ਼ਾਸਤਰੀ ਸੰਗੀਤ ਦਾ ਸੋਹਜ ਸੰਪੂਰਨ ਰੂਪ ਵਿਚ ਇਸ ਦੇ ਕਲਾਮਈ ਪਸਾਰੇ ਦੀ ਵਿਵਿਧਤਾ ਤੇ ਸਿਖਰ ਹੈ।

ਸ਼ਾਸਤਰੀ ਸੰਗੀਤ ਦੇ ਨਾਲ ਆਪਸੀ ਅੰਤਰ-ਸੰਬੰਧ ਹੋਣ ਦੇ ਬਾਵਜੂਦ ਗੁਰਮਤਿ ਸੰਗੀਤ ਪਰੰਪਰਾ ਦੀ ਆਪਣੀ ਵੱਖਰੀ ਤੇ ਮੌਲਿਕ ਪਛਾਣ ਹੈ ਜੋ ਸਾਨੂੰ ਗੁਰਮਤਿ ਸੰਗੀਤ ਦੇ ਬਹੁ-ਪੱਖੀ ਅਧਿਐਨ ਲਈ ਹੋਰ ਗੂੜ ਤੇ ਸੂਖਮ ਦ੍ਰਿਸ਼ਟੀ ਨਾਲ ਵਿਚਾਰ ਚਰਚਾ ਕਰਨ ਲਈ ਪ੍ਰੇਰਿਤ ਕਰਦੀ ਹੈ।

ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਵਿਭਾਗ- ਗੁਰਮਤਿ ਸੰਗੀਤ ਚੇਅਰ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

(ਥੀਸਿਸ ਦੇ ਨਿਰਣੇ) ਡਾ. ਜਾਗੀਰ ਸਿੰਘ

# ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ

ਮੈਂ ਆਪਣਾ ਪੀ.ਐਚ.ਡੀ. ਦਾ ਥੀਸਿਸ, "ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ" ਪੇਸ਼ ਕੀਤਾ ਸੀ ਤੇ 1980 ਵਿੱਚ ਇਸ ਤੇ ਪੀ.ਐਚ.ਡੀ. ਦੀ ਡਿਗਰੀ ਲੈ ਲਈ ਸੀ ।

ਇਸ ਥੀਸਿਸ ਵਿੱਚ ਜਿਹੜੇ ਨਿਰਣੇ ਕੱਢੇ ਸਨ ਉਹ 'ਅੰਮ੍ਰਿਤ ਕੀਰਤਨ' ਦੇ ਪਾਠਕਾਂ ਦੇ ਅੱਗੇ ਰੱਖ ਰਿਹਾ ਹਾਂ ।

ਗੁਰੂ ਕਾਵਿ ਦੀ ਕਾਵਿਕ ਅਤੇ ਸੰਗੀਤਕ ਪਿੱਠ ਭੂਮੀ ਦਾ ਅਧਿਐਨ ਕਰਦਿਆਂ ਅਸੀਂ ਵੇਖਿਆ ਹੈ ਕਿ ਗੁਰੂ ਕਾਵਿ ਵਿੱਚ ਕਵਿਤਾ ਅਤੇ ਸੰਗੀਤ ਦਾ ਸੁਮੇਲ ਕੋਈ ਸੰਜੋਗੀ ਤੇ ਅਨੋਖੀ ਘਟਨਾਂ ਨਹੀਂ ਸਗੋਂ ਗੁਰੂ ਸਾਹਿਬਾਨ ਤੋਂ ਪਹਿਲਾਂ ਵੀ ਕਵਿਤਾ ਅਤੇ ਸੰਗੀਤ ਇੱਕ ਦੂਜੇ ਨਾਲ ਸੰਬੰਧਤ ਰਹੇ ਹਨ ਤੇ ਗੁਰੂ ਸਾਹਿਬਾਨ ਨੇ ਸੁਚੇਤ ਤੌਰ ਤੇ ਸੰਗੀਤ ਨੂੰ ਕਵਿਤਾ ਦਾ ਮਾਧਿਅਮ ਬਣਾਇਆ ਹੈ । ਗੁਰੂ-ਕਾਵਿ ਦਾ ਭਾਰਤੀ-ਕਾਵਿ ਪਰੰਪਰਾ ਨਾਲ ਗੂੜ੍ਹਾ ਸੰਬੰਧ ਹੈ । ਵੈਦਿਕ, ਮਹਾਂਕਾਵਿਕ, ਪੌਰਾਣਿਕ, ਬੋਧੀ, ਜੈਨੀ, ਸਿੱਧ, ਨਾਥ, ਵੈਸ਼ਣਵ, ਭਗਤੀ ਅਤੇ ਲੋਕ-ਕਾਵਿ ਦੀਆਂ ਪਰੰਪਰਾਵਾਂ ਗੁਰੂ-ਕਾਵਿ ਦਾ ਸਾਹਿਤਕ ਪਿਛੋਕੜ ਹਨ । ਪਰ ਗੁਰੂ ਕਵੀਆਂ ਨੇ ਇਨ੍ਹਾਂ ਕਾਵਿ ਪਰੰਪਰਾਵਾਂ ਨਾਲ ਸੰਬੰਧਤ ਹੋ ਕੇ ਨਵੀਆਂ ਪ੍ਰਾਪਤੀਆਂ ਕੀਤੀਆਂ ਹਨ । ਗੁਰੂ-ਕਾਵਿ ਵਿੱਚ ਪ੍ਰਯੁਕਤ ਰਾਗਾਂ ਦਾ ਭਾਰਤੀ ਰਾਗ ਪਰੰਪਰਾ ਦੇ ਸੰਦਰਭ ਵਿੱਚ ਅਧਿਐਨ ਕਰਨ ਤੋਂ ਪਤਾ ਲੱਗਾ ਹੈ ਕਿ ਗੁਰੂ ਕਵੀਆਂ ਨੇ ਆਪਣੇ ਕਾਵਿ ਨਾਲ ਕਈ ਉਹ ਰਾਗ ਸੰਬੰਧਤ ਕੀਤੇ ਹਨ ਜਿਹੜੇ ਉਹਨਾਂ ਤੋਂ ਪਹਿਲਾਂ ਪ੍ਰਚਲਿਤ ਸਨ । ਕਈ ਥਾਵਾਂ ਤੇ ਦੋ ਰਾਗ ਨੂੰ ਜੋੜ ਕੇ ਇੱਕ ਨਵਾਂ, ਮਿਸ਼ਰਤ ਰਾਗ ਸਿਰਜਿਆ ਗਿਆ ਹੈ ਅਤੇ ਕਈ ਅਸਲੋਂ ਨਵੇਂ ਰਾਗਾਂ ਦੀ ਸਿਰਜਣਾ ਕੀਤੀ ਗਈ ਹੈ । ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗ ਮਾਲਾ ਦਾ ਪੁਰਾਤਨ ਅਤੇ ਉਸ ਵੇਲੇ ਪ੍ਰਚਲਿਤ ਰਾਗ-ਮਾਲਾਵਾਂ ਨਾਲ ਤੁਲਨਾਤਮਿਕ ਅਧਿਐਨ ਕੀਤਿਆਂ ਇਹ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਇਹ ਰਾਗਮਾਲਾ ਭਾਰਤੀ ਰਾਗਮਾਲਾ ਪਰੰਪਰਾ ਦੀ ਇੱਕ ਕੜੀ ਹੀ ਹੈ, ਪਰ ਇਸ ਵਿੱਚ ਕਈ ਨਵੇ ਰਾਗਾਂ ਦੇ ਨਾਂ ਗਿਣਾਏ ਗਏ ਹਨ, ਜਿਹੜੇ ਹੋਰ ਕਿਸੇ ਰਾਗਮਾਲਾ ਵਿੱਚ ਨਹੀਂ ਲੱਭਦੇ ।

ਸਮੁੱਚੇ ਰੂਪ ਵਿੱਚ ਗੁਰੂ ਕਵੀਆਂ ਨੇ ਕਾਵਿ ਅਤੇ ਸੰਗੀਤ ਦਾ ਵਿਲੱਖਣ ਸੰਜੋਗ ਕੀਤਾ ਹੈ । ਉਹਨਾਂ ਨੇ ਲੋਕ-ਕਾਵਿ ਰੂਪਾਂ ਅਤੇ ਹੋਰ ਪ੍ਰਚਲਿਤ ਕਾਵਿ-ਰੂਪਾਂ ਨੂੰ ਰਾਗਾਂ ਨਾਲ ਸੰਬੰਧਤ ਕਰਕੇ ਉਹਨਾਂ ਦੀ ਪੇਸ਼ਕਾਰੀ ਦੀ ਵਿਧੀ ਨੂੰ ਵਿਲੱਖਣਤਾ ਦਿੱਤੀ ਹੈ । ਇਸ ਤਰ੍ਹਾਂ ਗੁਰੂ ਕਾਵਿ ਵਿੱਚ ਪ੍ਰਯੁਕਤ ਕਾਵਿਕ ਅਤੇ ਸੰਗੀਤਕ ਤੱਤ ਭਾਵੇਂ ਪਰੰਪਰਾ ਵਿੱਚ ਬਿਰਾਜਮਾਨ ਹਨ, ਪਰ ਗੁਰੂ ਕਵੀ

ਉਹਨਾਂ ਦਾ ਪ੍ਰਯੋਗ ਵਿਲੱਖਣ ਢੰਗ ਨਾਲ ਕਰਦੇ ਹਨ । ਇਸ ਵਿਲੱਖਣਤਾ ਦੇ ਪ੍ਰਮੁੱਖ ਪਛਾਣ-ਚਿੰਨ੍ਹ ਹਨ :

(1) ਸਨਾਤਨੀ ਸੰਗੀਤ ਤੇ ਲੋਕ-ਗੀਤ ਦਾ ਮਿਸ਼ਰਣ

(2) ਕਾਵਿ ਤੇ ਰਾਗ ਦਾ ਸਰੋਤਾ-ਮੁਖ ਪ੍ਰਯੋਗ ਅਤੇ

(3) ਅਜਿਹੇ ਕਾਵਿ ਦੀ ਰਚਨਾ ਜਿਸ ਵਿੱਚ ਕਵਿਤਾ ਤੇ ਸੰਗੀਤ ਅਨਿਖੜ ਰੂਪ ਵਿੱਚ ਇੱਕ ਦੂਜੇ ਦੀ ਹੋਂਦ ਦਾ ਆਧਾਰ ਬਣੇ ਹਨ ।

ਗੁਰੂ ਕਵੀਆਂ ਦੇ ਜੀਵਨ, ਸਿੱਖ ਸੰਸਥਾ ਤੇ ਗੁਰੂ

ਉੱਪਰ ਝਾਤ ਮਾਰਦਿਆਂ ਇਹ ਸਪਸ਼ਟ ਹੋਇਆ ਹੈ ਕਿ ਗੁਰੂ ਕਵੀ ਬਾਣੀ ਦੀ ਰਚਨਾ ਕਰਨ ਵੇਲੇ ਆਪਣੇ ਰਚਨਾਤਮਿਕ ਅਮਲ ਤੋਂ ਸੁਚੇਤ ਸਨ । ਉਹਨਾਂ ਰਾਹੀਂ ਜਿੱਥੇ ਆਪਣੇ ਆਪ ਲਈ 'ਸਾਇਰ' ਵਿਸ਼ੇਸ਼ਣ ਵਰਤਿਆ ਗਿਆ ਹੈ ਉਥੇ ਥਾਂ ਪਰ ਥਾਂ 'ਢਾਡੀ' ਵਿਸ਼ੇਸ਼ਣ ਦਾ ਪ੍ਰਯੋਗ ਇਹ ਸਿੱਧ ਕਰਦਾ ਹੈ ਕਿ ਉਹਨਾਂ ਨੂੰ ਆਪਣੇ ਕਾਵਿ ਦੇ ਗਾਇਨ ਕੀਤੇ ਜਾਣ ਦਾ ਪੂਰਾ ਗਿਆਨ ਸੀ । ਭਾਵੇਂ ਗੁਰੂ ਕਵੀਆਂ ਦਾ ਜੀਵਨ-ਇਤਿਹਾਸ ਲਿਖਣ ਵਾਲੇ ਲੇਖਕਾਂ ਨੇ ਉਹਨਾਂ ਦੇ ਸੰਗੀਤ-ਗਿਆਨ ਵੱਲ ਕੋਈ ਸੰਕੇਤ ਨਹੀਂ ਕੀਤੇ ਪਰ ਫਿਰ ਵੀ ਉਹਨਾਂ ਦੇ ਜੀਵਨ ਇਤਿਹਾਸ ਲਿਖਣ ਵਾਲੇ ਲੇਖਕਾਂ ਦੀਆਂ ਕੁਝ ਘਟਨਾਵਾਂ ਤੋਂ ਉਹਨਾਂ ਦਾ ਸੰਗੀਤ-ਗਿਆਨ ਦ੍ਰਿਸ਼ਟੀਗੋਚਰ ਹੁੰਦਾ ਹੈ । ਗੁਰੂ ਨਾਨਕ ਦੇਵ ਜੀ ਦੇ ਸ਼ਬਦ ਗਾਇਨ ਸੰਬੰਧੀ ਹਵਾਲੇ ਮਿਲਦੇ ਹਨ । ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਸਿੱਖ ਸੰਪਰਦਾ ਵਿੱਚ ਆਉਣ ਤੋਂ ਪਹਿਲਾਂ ਵੈਸ਼ਣਵ ਭਗਤ ਸਨ । ਇਸ ਲਈ ਵੈਸ਼ਣਵਾਂ ਵਾਂਗ ਉਹਨਾਂ ਦਾ ਸੰਗੀਤ ਗਿਆਤਾ ਹੋਣਾ ਸੰਭਵ ਹੈ । ਗੁਰੂ ਰਾਮਦਾਸ, ਗੁਰੂ ਅਰਜਨ ਅਤੇ ਗੁਰੂ ਤੇਗ ਬਹਾਦਰ ਜੀ ਦੀ ਸਿਖਲਾਈ ਪੂਰਨ ਗੁਰਮਤਿ ਰੀਤੀ ਅਨੁਸਾਰ ਹੋਈ, ਇਸ ਲਈ ਜ਼ਰੂਰੀ ਹੈ ਕਿ ਸੰਗੀਤ ਉਹਨਾਂ ਦੀ ਸਿੱਖਿਆ ਦਾ ਮੁੱਖ ਅੰਗ ਰਿਹਾ ਹੋਵੇਗਾ । ਸਿੱਖ ਸੰਸਥਾ ਵਿੱਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਕੀਰਤਨ ਨੂੰ ਬੜਾ ਸਤਿਕਾਰ ਯੋਗ ਸਥਾਨ ਪ੍ਰਾਪਤ ਹੀ ਸੀ, ਪਰ ਇਹ ਬਾਅਦ ਵਿੱਚ (ਹੁਣ ਤੱਕ) ਵੀ ਇਹ ਸਿੱਖ ਰਹਿਤ ਮਰਯਾਦਾ ਦਾ ਇੱਕ ਜ਼ਰੂਰੀ ਅੰਗ ਬਣਿਆ ਹੋਇਆ ਹੈ । ਗੁਰੂ ਨਾਨਕ ਦੇਵ ਜੀ ਨੇ ਹੀ ਕਰਤਾਰਪੁਰ ਵਿਖੇ ਕੀਰਤਨ ਕਰਨ ਦੀ ਮਰਯਾਦਾ ਕਾਇਮ ਕੀਤੀ ਅਤੇ ਰਾਗੀ ਢਾਡੀ ਹਰ ਗੁਰੂ ਸਾਹਿਬ ਦੇ ਦਰਬਾਰ ਦਾ ਜ਼ਰੂਰੀ ਅੰਗ ਬਣੇ ਰਹੇ । ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਤੱਕ, ਸੱਤਾ ਬਲਵੰਡ, ਰਜਾਦਾ, ਭਾਈ ਸਾਦੂ, ਬਾਦੂ ਅਤੇ ਬਾਅਦ ਵਿੱਚ ਬਾਬਕ, ਨੱਥਾ, ਅਬਦੁੱਲਾ, ਭਾਈ ਜਸ, ਦਰਿਆ, ਚਤਰਾ, ਸੇਵਾ, ਰੱਤਾ ਆਦਿ ਦੇ ਕੀਰਤਨ ਦੇ ਹਵਾਲੇ ਮਿਲ ਜਾਂਦੇ ਹਨ ।

ਗੁਰੂ ਗ੍ਰੰਥ ਸਾਹਿਬ ਵਿੱਚ ਕਾਵਿ ਨੂੰ 'ਬਾਣੀ' ਕਿਹਾ ਗਿਆ ਹੈ । ਇਹ ਸੁਝਾਉ ਥਾਂ ਪਰ ਥਾਂ ਮਿਲਦਾ ਹੈ ਕਿ ਇਸ ਨੂੰ ਸਧਾਰਨ ਕਵਿਤਾ ਵਾਂਗ ਨਹੀਂ ਪੜ੍ਹਨਾ, ਸਗੋਂ ਇਸ ਦਾ ਗਾਇਨ ਕਰਨਾ ਹੈ । ਬਾਣੀ ਦੇ ਕੀਰਤਨ ਨੂੰ ਹਰ ਤਰ੍ਹਾਂ ਦੇ ਕਰਮ ਕਾਂਡਾਂ ਤੋਂ ਉੱਤਮ ਦੱਸਿਆ ਗਿਆ ਹੈ । ਗੁਰਬਾਣੀ ਦਾ ਕੀਰਤਨ ਕਰਨ ਵਾਲਾ ਵਿਸ਼ੇਸ਼ ਪਦ ਦਾ ਅਧਿਕਾਰੀ ਹੈ ਅਤੇ ਕੀਰਤਨ ਸੁਣਨ ਵਾਲਾ ਵੀ ਸਤਿਕਾਰ ਦਾ ਪਾਤਰ ਹੈ । ਸੰਗੀਤ ਕਲਾ ਦੇ ਕੇਵਲ ਉਹਨਾਂ ਰਾਗਾਂ ਨੂੰ ਹੀ ਸਫਲ ਕਿਹਾ ਗਿਆ ਹੈ ਜਿਹਨਾਂ ਰਾਹੀਂ ਬਾਣੀ ਦਾ ਗਾਇਨ ਕੀਤਾ ਜਾਂਦਾ ਹੈ । ਗੁਰਬਾਣੀ ਵਿੱਚ ਸੰਗੀਤ ਦੀ ਪਰਿਭਾਸ਼ਿਕ ਸ਼ਬਦਾਵਲੀ ਦਾ ਪ੍ਰਯੋਗ

ਕਰਦਿਆਂ ਇਸ ਨੂੰ ਗੁਰਮਤਿ ਭਾਵਾਂ ਨਾਲ ਸੰਬੰਧਤ ਕੀਤਾ ਗਿਆ ਹੈ। ਇਸ ਤਰ੍ਹਾਂ ਗੁਰੂ ਕਵੀਆਂ ਦੇ ਨਿੱਜੀ ਜੀਵਨ, ਸਿੱਖ ਸੰਸਥਾ ਅਤੇ ਗੁਰਬਾਣੀ ਵਿੱਚ ਜਿੱਥੇ ਕਾਵਿ ਅਤੇ ਸੰਗੀਤ ਦਾ ਸੁਮੇਲ ਹੋਇਆ ਹੈ ਉਥੇ ਇਸ ਸੁਮੇਲ ਨੂੰ 'ਕੀਰਤਨ' ਕਹਿ ਕੇ ਸਤਿਕਾਰਿਆ ਵੀ ਗਿਆ ਹੈ।

ਗੁਰੂ-ਕਾਵਿ ਵਿੱਚ ਅਨੁਭਵ ਅਤੇ ਸੰਗੀਤ ਦੇ ਸੰਬੰਧ ਦਾ ਅਧਿਐਨ ਕਰਦਿਆਂ ਅਸੀਂ ਇਸ ਨਤੀਜੇ ਤੇ ਪੁੱਜੇ ਹਾਂ ਕਿ ਗੁਰੂ ਕਵੀਆਂ ਦਾ ਕਾਵਿ-ਅਨੁਭਵ ਕੋਈ ਸਾਧਾਰਨ ਅਨੁਭਵ ਨਹੀਂ, ਸਗੋਂ ਇੱਕ ਅਜਿਹਾ ਅਨੁਭਵ ਹੈ ਜਿਸ ਨੂੰ ਆਮ ਬੋਲਚਾਲ ਦੀ ਭਾਸ਼ਾ ਤਾਂ ਕੀ ਸਗੋਂ ਕਵਿਤਾ ਰਾਹੀਂ ਵੀ ਪ੍ਰਗਟ ਨਹੀਂ ਕੀਤਾ ਜਾ ਸਕਦਾ। ਇਸ ਨੂੰ ਪ੍ਰਗਟ ਕਰਨ ਲਈ ਸੰਗੀਤ ਦਾ ਮਾਧਿਅਮ ਜ਼ਰੂਰੀ ਸੀ ਕਿਉਂਕਿ ਸੰਗੀਤ ਵਿੱਚ ਰਹੱਸਮਈ ਅਨੁਭਵ ਨੂੰ ਪ੍ਰਗਟ ਕਰਨ ਦੀ ਵਧੇਰੇ ਸਮਰਥਾ ਹੈ। ਗੁਰਬਾਣੀ ਵਿੱਚ ਪੇਸ਼ ਸਾਰਾ ਅਨੁਭਵ ਇੱਕੋ ਜਿਹਾ ਨਹੀਂ, ਸਗੋਂ ਉਸ ਵਿੱਚ ਵੰਨ-ਸੁਵੰਨਤਾ ਹੈ। ਗੁਰ-ਕਾਵਿ ਵਿੱਚ ਪ੍ਰਯੁਕਤ ਰਾਗਾਂ ਅਤੇ ਬਾਣੀ ਦਾ ਅਧਿਐਨ ਕਰਦਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਹਨਾਂ ਨੇ ਵੱਖ-ਵੱਖ ਭਾਵਾਂ ਲਈ ਵੱਖ-ਵੱਖ ਰਾਗਾਂ ਦਾ ਪ੍ਰਯੋਗ ਕੀਤਾ ਹੈ।

ਗੁਰੂ ਕਵੀਆਂ ਨੇ ਆਮ ਤੌਰ ਤੇ ਗੰਭੀਰ, ਸ਼ਾਂਤ ਅਤੇ ਕਰੁਣ ਭਾਵਾਂ ਲਈ, ਸਿਰੀ ਰਾਗ, ਗਉੜੀ, ਰਾਮਕਲੀ, ਭੈਰਵ ਆਦਿ ਰਾਗਾਂ ਦਾ ਪ੍ਰਯੋਗ ਕੀਤਾ ਹੈ। ਖੁਸ਼ੀ ਦੇ ਭਾਵਾਂ ਲਈ ਬਿਲਾਵਲ, ਸੂਹੀ, ਬਿਹਾਗੜਾ ਆਦਿ ਰਾਗਾਂ ਦਾ ਪ੍ਰਯੋਗ ਕੀਤਾ ਹੈ। ਧਾਰਮਿਕ ਭਗਤੀ ਭਾਵਾਂ ਲਈ ਗੁਜਰੀ, ਧਨਾਸਰੀ, ਸੋਰਠ ਆਦਿ ਰਾਗ ਵਰਤੇ ਹਨ। ਉਤਸ਼ਾਹ ਪੈਦਾ ਕਰਨ ਲਈ ਮਾਲ, ਆਸਾ, ਪ੍ਰਭਾਤੀ ਆਦਿ ਰਾਗ ਪ੍ਰਯੁਕਤ ਹੋਏ ਹਨ।

ਕਈ ਥਾਵਾਂ ਤੇ ਗੁਰੂ ਕਵੀਆਂ ਨੇ ਵਿਸ਼ੇਸ਼ ਭਾਵਾਂ ਦੇ ਪ੍ਰਗਟਾਉ ਲਈ ਰਾਗਾਂ ਦੇ ਮਿਸ਼ਰਤ ਰੂਪਾਂ ਦਾ ਵੀ ਪ੍ਰਯੋਗ ਕੀਤਾ ਹੈ।

ਗੁਰੂ ਕਾਵਿ ਦੇ ਰੂਪ ਵਿਧਾਨ ਦੀ ਚਰਚਾ ਕਰਦਿਆਂ ਸਾਨੂੰ ਗਿਆਨ ਹੋਇਆ ਹੈ ਕਿ ਗੁਰੂਆਂ ਦੀ ਰਾਗ-ਬੱਧ ਬਾਣੀ ਵਿੱਚ ਕਾਵਿ ਰੂਪਾਂ, ਛੰਦਾਂ ਅਤੇ ਸ਼ਬਦਾਵਲੀ ਦਾ ਪ੍ਰਯੋਗ ਰਾਗਾਂ ਦੇ ਅਨੁਸਾਰ ਹੋਇਆ ਹੈ। ਜਿੱਥੇ ਬਹੁਤ ਸਾਰੇ ਕਾਵਿ ਰੂਪ ਲੋਕ ਪਰੰਪਰਾ ਨਾਲ ਸੰਬੰਧਤ ਹਨ ਉਥੇ ਕਈ ਰਾਗ ਵੀ ਲੋਕ ਗੀਤਾਂ ਦੀਆਂ ਧੁਨਾਂ ਦੇ ਸੁਰ ਪ੍ਰਬੰਧ ਅਨੁਸਾਰ ਸਿਰਜੇ ਗਏ ਹਨ। ਕਾਵਿ ਰੂਪਾਂ ਦਾ ਛੰਦ ਪ੍ਰਬੰਧ ਭਾਵੇਂ ਸੰਗੀਤਕਤਾ, ਲੋਕ-ਕਾਵਿ ਰੂਪਾਂ ਅਤੇ ਵਿਸ਼ੇ ਦੀ ਵਿਲੱਖਣਤਾ ਕਰਕੇ ਸਨਾਤਨੀ ਪਰੰਪਰਾ ਨਾਲ ਮੇਲ ਨਹੀਂ ਖਾਂਦਾ ਪਰ ਫਿਰ ਵੀ ਕਿਤੇ ਕਿਤੇ ਛੰਦ ਅਤੇ ਰਾਗ ਦੀ ਆਪਸੀ ਸਾਂਝ ਦ੍ਰਿਸ਼ਟੀਗੋਚਰ ਹੁੰਦੀ ਹੈ। ਗੁਰੂ ਕਵੀਆਂ ਨੇ ਉਹਨਾਂ ਕਾਵਿ ਰੂਪਾਂ ਦਾ ਸਭ ਤੋਂ ਵੱਧ ਪ੍ਰਯੋਗ ਕੀਤਾ ਜਿਹੜੇ ਆਸਾਨੀ ਨਾਲ ਗਾਏ ਜਾ ਸਕਦੇ ਹਨ। ਪਦ ਕਾਵਿ-ਰੂਪ ਦਾ ਆਪਣੀ ਗਾਇਨ ਵਿਸ਼ੇਸ਼ਤਾ ਕਰਕੇ ਸਭ ਤੋਂ ਵਧ ਗਿਣਤੀ ਵਿੱਚ ਅਤੇ ਸਭ ਤੋਂ ਵੱਧ ਰਾਗਾਂ ਵਿੱਚ ਪ੍ਰਯੋਗ ਕੀਤਾ ਗਿਆ ਹੈ। ਇਸੇ ਤਰ੍ਹਾਂ ਵਾਰਾਂ ਅਤੇ ਛੰਦ ਕਾਵਿ ਰੂਪ ਵੀ ਬਹੁਤੇ ਕਾਵਿ ਰੂਪਾਂ ਨਾਲੋਂ ਵਧੇਰੇ ਰਾਗਾਂ ਵਿੱਚ ਪ੍ਰਯੁਕਤ ਹੋਏ ਹਨ। ਬਾਕੀ ਦੇ ਕਾਵਿ ਰੂਪਾਂ ਨੂੰ ਇੱਕ ਜਾਂ ਦੋ ਰਾਗਾਂ ਵਿੱਚ ਵਰਤਿਆ ਗਿਆ ਹੈ। ਇਹਨਾਂ ਕਾਵਿ ਰੂਪਾਂ ਵਿੱਚੋਂ ਬਹੁਤੇ ਉਹਨਾਂ ਰਾਗਾਂ ਵਿੱਚ ਦਰਜ ਹੋਏ ਜਿਹਨਾਂ ਵਿੱਚ ਗਾਉਣ ਨਾਲ ਇਹਨਾਂ ਦਾ ਭਾਵ ਪੂਰੀ ਤਰ੍ਹਾਂ ਉਜਾਗਰ ਹੋ ਸਕੇ। ਕਾਵਿ ਰੂਪਾਂ ਵਿੱਚ ਸੰਗੀਤਕਤਾ ਪੈਦਾ ਕਰਨ ਲਈ ਕਈ ਤਰ੍ਹਾਂ ਦੇ ਤੁਕਾਂਤ

ਅਤੇ ਸ਼ਬਦਾਵਲੀ ਦਾ ਪ੍ਰਯੋਗ ਹੋਇਆ ਹੈ । ਕਈ ਥਾਂਵਾਂ ਤੇ ਇਹ ਸ਼ਬਦਾਵਲੀ ਖ਼ਾਸ ਤਰ੍ਹਾਂ ਦਾ ਸੰਗੀਤਕ ਪ੍ਰਭਾਵ ਪੈਦਾ ਕਰਦੀ ਹੈ ।

ਗੁਰੂ ਸਾਹਿਬਾਨ ਕੇਵਲ ਆਪਣੇ ਭਾਵਾਂ ਦਾ ਵਿਰੇਚਨ ਕਰਨ ਲਈ ਹੀ ਕਾਵਿ ਰਚਨਾ ਨਹੀਂ ਸਨ ਕਰਦੇ, ਸਗੋਂ 'ਉਹ', ਇਸ ਰਾਹੀਂ ਲੋਕਾਂ ਦੀ ਅਗਵਾਈ ਕਰਨਾ ਚਾਹੁੰਦੇ ਸਨ । 'ਉਹ' ਉਸ ਵੇਲੇ ਦੇ ਸਮਾਜ ਵਿੱਚ ਨਰੋਈ ਤਬਦੀਲੀ ਲਿਆਉਣਾ ਚਾਹੁੰਦੇ ਸਨ । ਇਸ ਲਈ ਉਹਨਾਂ ਨੇ ਆਪਣੀ ਕਾਵਿ ਰਚਨਾ ਨੂੰ ਸਮਕਾਲੀ ਸਰੋਤੇ ਤੱਕ ਸੰਚਾਰ ਕਰਨ ਲਈ ਸੰਗੀਤ ਦਾ ਮਾਧਿਅਮ ਵਜੋਂ ਪ੍ਰਯੋਗ ਕੀਤਾ । ਸੰਗੀਤ ਦੀ ਸਹਾਇਤਾ ਨਾਲ ਕਾਵਿ ਦੀ ਸੰਚਾਰ-ਸ਼ਕਤੀ ਵਿੱਚ ਵਾਧਾ ਹੁੰਦਾ ਹੈ । ਗੁਰ ਸਾਹਿਬਾਨ ਦੇ ਵੇਲੇ ਪ੍ਰਚਲਿਤ ਰਾਗਾਂ ਨਾਲ ਆਮ ਤੌਰ ਤੇ ਸ਼ਿੰਗਾਰ ਰਸੀ ਭਾਵ ਜੁੜੇ ਹੋਏ ਸਨ ਅਤੇ ਇਹਨਾਂ ਵਿੱਚ ਕੇਵਲ ਰਾਜ-ਦਰਬਾਰੀਆਂ ਦਾ ਮਨੋਰੰਜਨ ਕਰਨ ਵਾਲੇ ਗੀਤ ਆਦਿ ਗਾਏ ਜਾਂਦੇ ਸਨ । ਪਰ ਗੁਰੂ ਸਾਹਿਬਾਨ ਨੇ ਰਾਗਾਂ ਨੂੰ ਆਪਣੇ ਪ੍ਰਯੋਜਨ ਲਈ ਪ੍ਰਯੁਕਤ ਕੀਤਾ ਅਤੇ ਰਾਗਾਂ ਰਾਹੀਂ ਗੁਰ-ਬਾਣੀ ਦਾ ਗਾਇਨ ਕਰਨਾ ਹੀ ਉਚਿੱਤ ਦੱਸਿਆ ।

ਗੁਰੂ-ਕਾਵਿ ਵਿੱਚ ਪ੍ਰਯੁਕਤ ਕਾਵਿ ਰੂਪ, ਗਾਇਨ-ਸ਼ੈਲੀਆਂ ਦੀ ਵੰਨ ਸੁਵੰਨਤਾ ਨੂੰ ਦਰਸਾਉਂਦੇ ਹਨ । ਉਸ ਵੇਲੇ ਵੱਖ ਵੱਖ ਤਿੱਥਾਂ ਤਿਉਹਾਰਾਂ ਨਾਲ ਅਤੇ ਜਨਮ-ਮਰਨ ਦੇ ਮੌਕਿਆਂ ਨਾਲ ਕਈ ਤਰ੍ਹਾਂ ਦੇ ਵਹਿਮ ਭਰਮ ਜੁੜੇ ਹੋਏ ਸਨ । ਇਸ ਕਰਕੇ ਉਸ ਵੇਲੇ ਕਈ ਤਰ੍ਹਾਂ ਦੇ ਗੀਤ ਆਦਿ ਵੀ ਗਾਏ ਜਾਂਦੇ ਸਨ । ਗੁਰੂ ਕਵੀਆਂ ਨੇ ਉਹਨਾਂ ਲੋਕ ਗੀਤਾਂ ਦੇ ਰੂਪ ਨੂੰ ਆਪਣੇ ਪ੍ਰਯੋਜਨ ਲਈ ਵਰਤਿਆ ਤੇ ਲੋਕਾਂ ਨੂੰ ਉਨ੍ਹਾਂ ਵਹਿਮਾਂ ਭਰਮਾਂ ਤੋਂ ਮੁਕਤ ਕੀਤਾ । ਖ਼ਾਸ ਕਰਕੇ ਵਾਰ-ਕਾਵਿ ਰਾਹੀਂ ਉਹਨਾਂ ਨੇ ਜ਼ੁਲਮ ਅਤੇ ਪਾਖੰਡ ਦੇ ਖ਼ਿਲਾਫ਼ ਸੰਘਰਸ਼ ਕਰਨ ਲਈ ਲੋਕਾਂ ਵਿਚ ਮਨੋਬਲ ਦਾ ਸੰਚਾਰ ਕੀਤਾ ।

ਗੁਰੂ-ਕਾਵਿ ਦੀ ਗਾਇਨ ਪੱਧਤੀ ਵਿੱਚ 'ਰਹਾਉ' ਦੀਆਂ ਤੁਕਾਂ ਨੂੰ ਵਾਰ ਵਾਰ ਸਥਾਈ ਵਜੋਂ ਗਾਇਆ ਜਾਂਦਾ ਹੈ । ਗੁਰੂ ਸਾਹਿਬਾਨ ਨੇ ਇਹਨਾਂ ਤੁਕਾਂ ਦੇ ਰੂਪ ਨੂੰ ਸਰੋਤੇ ਅਤੇ ਆਪਣੇ ਪ੍ਰਯੋਜਨ ਦੇ ਅਨੁਸਾਰ ਢਾਲਿਆ ਤਾਂ ਜੋ ਇਹਨਾਂ ਤੁਕਾਂ ਦੇ ਵਾਰ ਵਾਰ ਗਾਇਨ ਨਾਲ ਸਰੋਤਾ ਗਾਇਨ ਵੱਲ ਆਕਰਸ਼ਿਤ ਵੀ ਰਹੇ ਅਤੇ ਸ਼ਬਦ ਦਾ ਕੇਂਦਰੀ ਭਾਵ ਵੀ ਉਸਦੇ ਮਨ ਵਿੱਚ ਦ੍ਰਿੜ ਹੋ ਜਾਵੇ ।

ਸਮੁੱਚੇ ਤੌਰ ਤੇ ਗੁਰੂ-ਕਾਵਿ ਵਿੱਚ ਕਵਿਤਾ ਅਤੇ ਸੰਗੀਤ ਦਾ ਸੁਮੇਲ ਉਸ ਸਮੇਂ ਦੀ ਕਾਵਿ-ਸੰਗੀਤ ਪਰੰਪਰਾ ਗੁਰੂ ਕਵੀਆਂ ਦੀ ਸ਼ਖ਼ਸ਼ੀਅਤ, ਸਿੱਖ ਸੰਸਥਾ, ਅਨੁਭਵ, ਰੂਪ-ਵਿਧਾਨ ਅਤੇ ਗੁਰੂ ਆਸ਼ੇ ਦੇ ਅਨੁਕੂਲ ਹੈ । 'ਸੰਗੀਤ', ਅਰਥਾਤ 'ਰਾਗ' ਗੁਰਬਾਣੀ ਦਾ ਇੱਕ ਰਚਨਾ-ਮੂਲਕ ਤੱਤ ਹੈ, ਇਹ ਕੇਵਲ ਮਾਧਿਅਮ ਨਹੀਂ; ਤੇ ਗੁਰੂ-ਕਾਵਿ ਦਾ ਪਾਠਕ/ਸਰੋਤਾ/ਆਲੋਚਕ ਇਸ ਤੱਤ ਨੂੰ ਅਣਡਿੱਠ ਕਰਕੇ ਗੁਰਬਾਣੀ ਨੂੰ ਠੀਕ ਰੂਪ ਵਿੱਚ ਪੜ੍ਹ/ਸੁਣ ਤੇ ਪਰਖ ਨਹੀਂ ਸਕਦਾ । ਦੂਜੇ ਪਾਸੇ ਗੁਰਬਾਣੀ ਦਾ ਪ੍ਰਮਾਣਿਕ ਗਾਇਨ/ਕੀਰਤਨ ਤਾਂ ਹੀ ਸੰਭਵ ਹੈ ਜੇ ਰਾਗ ਵਿੱਦਿਆ ਦਾ ਮਾਹਿਰ ਗੁਰੂ-ਕਾਵਿ ਦੇ ਅਨੁਭਵ, ਇਸ ਕਵਿਤਾ ਦੇ ਰੂਪ ਤੇ ਇਸ ਦੇ ਅਧਿਆਤਮਿਕ ਸਮਾਜਿਕ ਪ੍ਰਯੋਜਨ ਤੋਂ ਸੁਚੇਤ ਰਹੇ ।

## ਸਰਗਮ
## ਨਾਵਲ – ਗੁਰਮੁਖ ਸਿੰਘ ਸਹਿਗਲ
## ਭਾਗ ਪਹਿਲਾ – (ਆਰੋਹੀ)
### - ਰੇ -

(ਪਿਛਲੇ ਅੰਕ ਤੋਂ ਅੱਗੇ) ਸਵੇਰੇ ਅੱਠ ਵਜੇ ਤੋਂ ਲੈ ਕੇ ਗਿਆਰਾਂ ਵਜੇ ਤੱਕ ਸੰਗੀਤ ਵਿਦਿਆਲੇ ਵਿਚ ਸੰਗੀਤ ਸਿੱਖਣ ਵਾਲਿਆਂ ਦਾ ਤਾਂਤਾ ਲੱਗਿਆ ਰਹਿੰਦਾ। ਸਤਬੀਰ ਵਾਰੋ ਵਾਰੀ ਸਭ ਸਿੱਖਿਆਰਥੀਆਂ ਨੂੰ ਆਪੋ ਆਪਣਾ ਸਬਕ ਦਸ ਕੇ ਆਪਣੇ ਛੋਟੇ ਜਿਹੇ ਕਮਰੇ ਵਿਚ ਵਿੱਛੇ ਹੋਏ ਗਦੇਲੇ ਉੱਤੇ ਬੈਠ ਕੇ ਸੰਗੀਤ ਦੀਆਂ ਕਿਤਾਬਾਂ ਦਾ ਅਧਿਐਨ ਕਰਦਾ ਰਹਿੰਦਾ। ਜਦੋਂ ਕੋਈ ਸਿੱਖਣ ਵਾਲਾ ਉਸ ਕੋਲੋਂ ਕੋਈ ਚੀਜ਼ ਪੁੱਛਦਾ ਤਾਂ ਉਹ ਆਪਣਾ ਅਧਿਐਨ ਵਿਚੇ ਛੱਡ ਕੇ ਉਸ ਨੂੰ ਸਮਝਾਉਣ ਲੱਗ ਪੈਂਦਾ। ਜ਼ਿਆਦਾਤਰ ਸਿੱਖਿਆਰਥੀ ਵਕਤੀ ਜਿਹੇ ਹੁੰਦੇ, ਜੋ ਪਹਿਲਾਂ ਤਾਂ ਬੜੇ ਸ਼ੌਕ ਨਾਲ ਸੰਗੀਤ ਸਿੱਖਣ ਲਈ ਆਉਂਦੇ, ਕੋਈ ਗਿਟਾਰ, ਕੋਈ ਸਿਤਾਰ, ਵਾਇਲਨ ਤੇ ਮੈਂਡੋਲਿਨ ਸਿੱਖਣ ਦੀ ਤੀਬਰ ਇੱਛਾ ਰਖਦੇ, ਪਰ ਜਦੋਂ ਦੋ ਤਿੰਨ ਮਹੀਨੇ ਸਿਰ ਖਪਾਉਣ ਤੋਂ ਬਾਅਦ ਵੀ ਉਨ੍ਹਾਂ ਦੇ ਪੱਲੇ ਕੁਝ ਵੀ ਨਾ ਪੈਂਦਾ ਤਾਂ ਉਹ ਆਪ ਹੀ ਛੱਡ ਕੇ ਅੱਗੇ ਤੁਰਦੇ ਬਣਦੇ। ਅਜਿਹੇ ਸਿੱਖਿਆਰਥੀਆਂ ਨਾਲ ਸਤਬੀਰ ਦਾ ਵਿਦਿਆਲਾ ਚਲਿਆ ਹੋਇਆ ਸੀ। ਉਹ ਅਜਿਹਿਆਂ ਨੂੰ ਨਿਰਾਸ਼ ਵੀ ਨਹੀਂ ਸੀ ਕਰਦਾ। ਕਈ ਤਾਂ ਇਸ ਸ਼ੌਕ ਨਾਲ ਆਉਂਦੇ ਕਿ ਉਹ ਕੁਝ ਦਿਨਾਂ ਵਿਚ ਹਜ਼ਾਰਾ ਸਿੰਘ ਵਰਗੀ ਗਿਟਾਰ ਜਾਂ ਰਵੀ ਸ਼ੰਕਰ ਵਰਗੀ ਸਿਤਾਰ ਵਜਾਉਣ ਲੱਗ ਪੈਣਗੇ ਜਾਂ ਫਿਰ ਮੁਹੰਮਦ ਰਫ਼ੀ ਵਰਗਾ ਗਾਉਣ ਲੱਗ ਪੈਣਗੇ ਪਰ ਉਨ੍ਹਾਂ ਵਿਚ ਏਨਾ ਸਬਰ ਨਹੀਂ ਸੀ ਹੁੰਦਾ ਕਿ ਉਹ ਘੰਟਿਆਂ ਬੱਧੀ ਰਿਆਜ਼ ਕਰ ਸਕਦੇ। ਅਜਿਹੇ ਸਿੱਖਣ ਵਾਲੇ ਛੇਤੀ ਹੀ ਝੜ ਜਾਂਦੇ। ਕਈ ਤਾਂ ਜਦੋਂ ਸਤਬੀਰ ਨੂੰ ਵਾਇਲਨ ਵਜਾਉਂਦਿਆਂ ਜਾਂ ਗਾਉਂਦਿਆਂ ਸੁਣਦੇ ਤਾਂ ਪੁੱਛਦੇ ਕਿ ਅਸੀਂ ਕਿੰਨੇ ਦਿਨਾਂ ਵਿਚ ਸਿੱਖ ਜਾਵਾਂਗੇ ਤਾਂ ਸਤਬੀਰ ਅਗੋਂ ਹੱਸ ਕੇ ਕਹਿੰਦਾ,

-''ਸੰਗੀਤ ਤਾਂ ਅਜੇ ਮੈਂ ਵੀ ਪੂਰੀ ਤਰ੍ਹਾਂ ਨਹੀਂ ਸਿੱਖਿਆ। ਮੈਂ ਕਿਵੇਂ ਕਹਿ ਸਕਦਾਂ ਕਿ ਤੁਸੀਂ ਕਦੋਂ ਤੱਕ ਸਿਖੋਗੇ। ਇਹ ਤਾਂ ਮਿਹਨਤ ਹੈ, ਜਿੰਨੀ ਵੀ ਕਰੋਗੇ, ਘੱਟ ਏ।'' ਅਤੇ ਪੁੱਛਣ ਵਾਲੇ ਸਤਬੀਰ ਦੇ ਮੂੰਹ ਵਲ ਅਵਾਕ ਜਿਹੇ ਹੋ ਕੇ ਵੇਖਣ ਲੱਗ ਪੈਂਦੇ। ਸਤਬੀਰ ਉਨ੍ਹਾਂ ਨੂੰ ਕਿਵੇਂ ਸਮਝਾਉਂਦਾ ਕਿ ਪਿਛਲੇ ਵੀਹ ਸਾਲਾਂ ਵਿਚ ਇਸ ਸੰਗੀਤ ਦਾ ਰਿਆਜ਼ ਕਰਨ ਦੇ ਬਾਵਜੂਦ ਵੀ ਇਸ ਦੀ ਥਾਹ ਨਹੀਂ ਸੀ ਪਾ ਸਕਿਆ। ਜਿਤਨਾ ਕਰੀ ਜਾਓ ਅੱਗੇ ਹੋਰ ਹੀ ਹੋਰ ਸਮੁੰਦਰ ਦੀ ਤਰ੍ਹਾਂ ਵਿਸ਼ਾਲ ਹੈ। ਵੀਹ ਸਾਲ ਪਹਿਲੇ ਸਤਬੀਰ ਨੇ ਦਿੱਲੀ ਵਿਚ ਆਪਣੇ ਚਾਚੇ ਰਣਜੀਤ ਨਾਲ ਸੰਗੀਤ ਦੀ ਇਕ ਸਭਾ ਵਿਚ ਉਸਤਾਦ ਬੜੇ ਗੁਲਾਮ ਅਲੀ ਦਾ ਗਾਣਾ ਸੁੱਣਿਆ ਸੀ ਤੇ ਉਸੇ ਦਿਨ ਤੋਂ ਸੰਗੀਤ ਦਾ ਦੀਵਾਨਾ ਹੋ ਗਿਆ ਸੀ। ਉਸ ਦਾ ਚਾਚਾ ਰਣਜੀਤ ਸਾਰੇ ਟੱਬਰ ਵਿਚ ਇਕੋ ਇਕ ਅਜਿਹਾ ਬੰਦਾ ਸੀ ਜਿਸ ਨੂੰ ਸੰਗੀਤ ਦੀ ਲਗਨ ਲੱਗੀ ਹੋਈ ਸੀ। ਉਹ ਅਕਸਰ ਸੰਗੀਤ ਦੀਆਂ ਮਹਿਫ਼ਲਾਂ ਵਿਚ ਜਾਇਆ ਕਰਦਾ ਸੀ। ਕਦੇ ਕਦੇ ਸਤਬੀਰ ਵੀ ਉਸ ਦੇ ਨਾਲ ਤੁਰ ਪੈਂਦਾ। ਇਕ ਦਫ਼ਾ ਜਦ ਉਹ ਅਜਿਹੀ ਸੰਗੀਤ ਮਹਿਫ਼ਲ ਵਿਚ ਗਏ, ਜਿਥੇ ਹਿੰਦੁਸਤਾਨ ਦੇ ਵੱਡੇ ਵੱਡੇ ਸੰਗੀਤਕਾਰਾਂ ਨੇ ਆਪਣੇ ਫ਼ਨ ਦੇ ਜੌਹਰ ਦਿਖਾਉਣੇ ਸਨ। ਉਸੇ ਮਹਿਫ਼ਲ ਦੇ ਅਖ਼ੀਰ ਵਿਚ ਉਸਤਾਦ ਬੜੇ ਗ਼ੁਲਾਮ ਅਲੀ ਖ਼ਾਂ ਨੇ ਜਦ ਗਾਣਾ ਸ਼ੁਰੂ ਕੀਤਾ ਤਾਂ ਲੋਕਾਂ ਨੇ ਉਸ ਨੂੰ ਉੱਠਣ ਹੀ ਨਹੀਂ ਦਿੱਤਾ ਤੇ ਤਿੰਨ ਘੰਟੇ ਲਗਾਤਾਰ ਬੜੇ ਗ਼ੁਲਾਮ ਅਲੀ ਗਾਉਂਦੇ ਰਹੇ। ਉਨ ਾਂ ਦਾ ਗਾਣਾ ਸੁਣ ਕੇ ਲੋਕ ਅੱਸ਼ ਅੱਸ਼ ਕਰ ਉਠੇ, ਖ਼ਾਸ ਤੌਰ ਉਤੇ ਜਦ ਉਨ੍ਹਾਂ ਨੇ 'ਯਾਦ ਪੀਆ ਕੀ ਆਏ' ਠੁਮਰੀ ਗਾਈ ਤਾਂ ਸੰਗੀਤ ਪ੍ਰੇਮੀ ਝੂਮ ਉਠੇ। ਸਤਬੀਰ ਉੱਤੇ ਇਸ ਗਾਣੇ ਦਾ ਕੁਝ ਅਜਿਹਾ ਅਸਰ ਹੋਇਆ ਕਿ ਉਹ ਆਪਣੀ ਸੁਧ-ਬੁਧ ਹੀ ਭੁਲ ਗਿਆ। ਉਸਨੇ ਆਪਣੇ ਮਨ ਵਿਚ ਧਾਰ ਲਿਆ ਕਿ ਮੈਂ ਵੀ ਗਾਣਾ ਸਿੱਖਾਂਗਾ। ਮਹਿਫ਼ਲ ਖ਼ਤਮ ਹੋਣ ਤੋਂ ਬਾਅਦ ਘਰ ਵਲ ਆਉਂਦਿਆਂ ਜਦੋਂ ਸਤਬੀਰ ਨੇ ਚਾਚੇ ਰਣਜੀਤ ਅਗੇ ਆਪਣੇ ਮਨ ਦੀ ਇੱਛਾ ਜ਼ਾਹਿਰ ਕੀਤੀ ਕਿ 'ਮੈਂ ਵੀ ਸੰਗੀਤ ਸਿੱਖਣਾ ਚਾਹੁੰਦਾ ਹਾਂ' ਤਾਂ ਉਸ ਦੇ ਚਾਚੇ ਨੇ ਉਸਨੂੰ ਉਤਸ਼ਾਹਿਤ ਕਰਦਿਆਂ

ਕਿਹਾ ਕਿ ਜ਼ਰੂਰ ਸਿੱਖ ਅਤੇ ਕੁੱਝ ਦਿਨਾਂ ਤੱਕ ਉਸ ਨੇ ਸਤਬੀਰ ਨੂੰ ਇਕ ਹਰਮੋਨੀਅਮ ਵੀ ਲਿਆ ਕੇ ਦੇ ਦਿੱਤਾ। ਚਾਚਾ ਰਣਜੀਤ ਨੇ ਵੀ ਕਿਸੇ ਜ਼ਮਾਨੇ ਵਿਚ ਸੰਗੀਤ ਸਿੱਖਣਾ ਸ਼ੁਰੂ ਕੀਤਾ ਸੀ। ਇਸ ਲਈ ਮੁੱਢਲੀ ਤਾਲੀਮ ਦੇਣ ਦੇ ਉਹ ਵੀ ਸਮਰੱਥ ਸੀ। ਉਸਨੇ ਸਤਬੀਰ ਨੂੰ 'ਸਾਰੇਗਾਮਾ' ਸਿੱਖਾ ਦਿੱਤਾ। ਸਤਬੀਰ ਦੀ ਆਵਾਜ਼ ਸੁਰੀਲੀ ਸੀ ਅਤੇ ਸਿੱਖਣ ਦਾ ਸ਼ੌਕ ਵੀ ਤੀਬਰ ਸੀ ਇਸ ਲਈ ਉਸਨੇ ਬਹੁਤ ਛੇਤੀ ਹੀ ਕਈ ਸਰਗਮਾਂ ਯਾਦ ਕਰ ਲਈਆਂ। ਚਾਚਾ ਰਣਜੀਤ ਨੇ ਉਸ ਨੂੰ ਇਨ ਾਂ ਸਰਗਮਾਂ ਦੇ ਅਭਿਆਸ ਉੱਤੇ ਲਗਾ ਦਿੱਤਾ ਤੇ ਸਤਬੀਰ ਘੰਟਿਆਂ ਬੱਧੀ ਸਰਗਮਾਂ ਦਾ ਅਭਿਆਸ ਕਰਦਾ ਰਹਿੰਦਾ।

ਜਦੋਂ ਚਾਚੇ ਰਣਜੀਤ ਨੇ ਸਤਬੀਰ ਦੀ ਸੰਗੀਤ ਸਿੱਖਣ ਦੀ ਲਗਨ ਵੇਖੀ ਤਾਂ ਉਸਨੇ ਮਹਿਸੂਸ ਕੀਤਾ ਕਿ ਸਤਬੀਰ ਵਿਚ ਸੰਗੀਤ ਸਿੱਖਣ ਦੀ ਸਮਰੱਥਾ ਹੈ ਇਸ ਲਈ ਉਹ ਉਸਨੂੰ ਦਿੱਲੀ ਦੇ ਮਸ਼ਹੂਰ ਉਸਤਾਦ ਚਾਂਦ ਖ਼ਾਨ ਸਾਹਿਬ ਕੋਲ ਲੈ ਗਿਆ। ਗੋਲ ਮਾਰਕੀਟ ਦੇ ਕੋਲ ਇਕ ਚੁਬਾਰੇ ਵਿਚ ਚਾਂਦ ਖ਼ਾਨ ਦੀ ਰਿਹਾਇਸ਼ ਸੀ। ਦਰਮਿਆਨਾ ਕੱਦ, ਗੋਲ ਮਟੋਲ ਵੱਡਾ ਸਾਰਾ ਸਿਰ, ਜਿਸ ਦੇ ਇਰਦ ਗਿਰਦ ਕੁਤਰੇ ਹੋਏ ਚਿੱਟੇ ਵਾਲਾਂ ਵਿਚਕਾਰ ਮੈਦਾਨ ਬਿਲਕੁਲ ਸਾਫ਼ ਲਿਸ਼ਕਵਾਂ ਤੇ ਜਿਸ ਤੋਂ ਇਹ ਅੰਦਾਜ਼ਾ ਨਹੀਂ ਸੀ ਲਗਾਇਆ ਜਾ ਸਕਦਾ ਕਿ ਮੱਥੇ ਤੋਂ ਬਾਅਦ ਸਿਰ ਕਿਥੋਂ ਸ਼ੁਰੂ ਹੁੰਦਾ ਹੈ। ਮੋਟਾ ਨੱਕ, ਅੱਖਾਂ ਅੰਦਰ ਵਲ ਧੱਸੀਆਂ ਹੋਈਆਂ ਤੇ ਭਰਵਟਿਆਂ ਦੇ ਉਪਰ ਸੰਘਣੇ ਚਿੱਟੇ ਕਾਲੇ ਵਾਲ। ਚਿਹਰੇ ਉੱਤੇ ਹਮੇਸ਼ਾ ਕੁਤਰੀ ਹੋਈ ਚਿੱਟੇ ਵਾਲਾਂ ਦੀ ਥੋੜ ੀ ਥੋੜ ੀ ਦਾੜ ੀ ਉਤਰੀ ਰਹਿੰਦੀ ਜਿਸ ਨੂੰ ਕਦੇ ਵੀ ਪੂਰੀ ਤਰ ਾਂ ਸ਼ੇਵ ਨਹੀਂ ਸੀ ਕੀਤਾ ਗਿਆ। ਉਸਦੇ ਚਿਹਰੇ ਉੱਤੇ ਹਮੇਸ਼ਾ ਰੱਬ ਦੀ ਰਜ਼ਾ ਵਿਚ ਰਹਿਣ ਵਰਗੀ ਸੰਤੁਸ਼ਟਤਾ ਦਾ ਪ੍ਰਭਾਵ ਪੈਂਦਾ। ਗੱਲਾਂ ਕਰਦਾ ਤਾਂ ਹਸਦੇ ਚਿਹਰੇ ਵਿਚੋਂ ਨਿਮਰਤਾ ਤੇ ਹਲੀਮੀ ਬਾਹਰ ਝਾਕਦੀ ਨਜ਼ਰ ਆਉਂਦੀ। ਹਮੇਸ਼ਾ ਹੱਥ ਵਿਚ ਚਿੱਟੇ ਮਣਕਿਆਂ ਵਾਲੀ ਇਕ ਤਸਬੀ ਫੜੀ ਅੱਲ ਾ ਪਾਕ ਦਾ ਵਿਰਦ ਕਰਦਾ ਰਹਿੰਦਾ। ਜੇ ਭੁਲ ਭੁਲੇਖੇ ਕੋਈ ਅਜਿਹੀ ਗੱਲ ਕਰ ਬੈਠਦਾ ਜਿਸ ਤੋਂ ਘੁਮੰਡ ਦੀ ਬੂ ਆਉਂਦੀ ਤਾਂ ਬਾਰ ਬਾਰ ਆਪਣੇ ਕੰਨਾਂ ਉੱਤੇ ਹੱਥ ਰਖ ਕੇ ਤੌਬਾ ਕਰਦਾ, ਆਪਣੇ ਗੁਨਾਹ ਬਖ਼ਸ਼ਾਉਂਦਾ। ਰਣਜੀਤ ਨੇ ਕਦੇ ਇਸੇ ਉਸਤਾਦ ਚਾਂਦ ਖ਼ਾਨ ਕੋਲੋਂ ਸੰਗੀਤ ਸਿੱਖਣਾ ਸ਼ੁਰੂ ਕੀਤਾ ਸੀ ਪਰ ਘਰੇਲੂ ਜ਼ਿੰਮੇਵਾਰੀਆਂ ਕਰਕੇ ਉਹ ਆਪਣੇ ਸੰਗੀਤ ਸਿੱਖਣ ਦੇ ਸ਼ੌਕ ਨੂੰ ਸਿਰੇ ਨਾ ਚਾੜ ਸਕਿਆ। ਬਸ ਸ਼ੌਕ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਸੀ। ਰਣਜੀਤ ਨੇ ਸਤਬੀਰ ਬਾਰੇ ਉਸਤਾਦ ਚਾਂਦ ਖ਼ਾਨ ਨੂੰ ਦੱਸਿਆ ਕਿ ਇਸ ਨੂੰ ਤੁਹਾਡਾ ਸ਼ਾਗਿਰਦ ਬਣਾਉਣਾ ਹੈ ਤਾਂ ਉਸਤਾਦ ਨੇ ਸਤਬੀਰ ਨੂੰ ਕੁਝ ਸੁਣਾਉਣ ਲਈ ਕਿਹਾ। ਸਤਬੀਰ ਨੇ ਬੜੇ ਹੀ ਸੁਰੀਲੇ ਢੰਗ ਨਾਲ ਉਸਤਾਦ ਬੜੇ ਗ਼ੁਲਾਮ ਅਲੀ ਦੀ ਉਹ ਚੀਜ਼ 'ਯਾਦ ਪੀਆ ਕੀ ਆਏ' ਸੁਣਾ ਦਿੱਤੀ। ਉਸਤਾਦ ਚਾਂਦ ਖ਼ਾਨ ਸਤਬੀਰ ਦੀ ਸੁਰੀਲੀ ਤੇ ਗੰਭੀਰ ਆਵਾਜ਼ ਤੋਂ ਬਹੁਤ ਪ੍ਰਭਾਵਤ ਹੋਇਆ ਅਤੇ ਉਸ ਨੂੰ ਆਪਣਾ ਸ਼ਾਗਿਰਦ ਬਣਾਉਣਾ ਮੰਨ ਲਿਆ ਪਰ ਨਾਲ ਹੀ ਉਸ ਨੇ ਕਿਹਾ,-ਬੇਟਾ, ਅਗਰ ਸਹੀ ਮਾਅਨੋ ਮੇਂ ਮੇਰਾ ਸ਼ਾਗਿਰਦ ਬਨਨਾ ਹੈ, ਤੋ ਫਿਰ ਮੇਰੇ ਪਾਸ ਹੀ ਰਹਿਨਾ ਹੋਗਾ। ਮੈਂ ਤੋਂ ਸਾਹਮਨੇ ਬਿਠਾ ਕੇ ਰਿਆਜ਼ ਕਰਵਾਤਾ ਹੂੰ।' ਸਤਬੀਰ ਨੇ ਆਪਣੇ ਚਾਚੇ ਵਲ ਵੇਖਿਆ, ਜਿਵੇਂ ਉਨ੍ਹਾਂ ਦੀ ਇਜਾਜ਼ਤ ਚਾਹੁੰਦਾ ਹੋਵੇ। ਰਣਜੀਤ ਤਾਂ ਪਹਿਲਾਂ ਹੀ ਇਸ ਵਿਚਾਰ ਦਾ ਹਾਮੀ ਸੀ ਕਿ ਸੰਗੀਤ ਸਿੱਖਣ ਲਈ ਉਸਤਾਦ ਦੀ ਸ਼ਰਨ ਵਿਚ ਰਹਿਣਾ ਜ਼ਰੂਰੀ ਹੈ। ਪਰ ਅਜ ਕਲ ਅਜਿਹੇ ਉਸਤਾਦ ਕਿਥੇ ਮਿਲਦੇ ਹਨ ਜੋ ਸ਼ਾਗਿਰਦਾਂ ਨੂੰ ਆਪਣੇ ਨਾਲ ਰੱਖਣ। ਇਥੇ ਉਸਤਾਦ ਖ਼ੁਦ ਆਪਣੇ ਨਾਲ ਰਹਿਣ ਦੀ ਦਾਅਵਤ ਦੇ ਰਿਹਾ ਸੀ। ਇਸ ਤੋਂ ਵਧੀਆ ਸੁਰੀਲੀ ਗੱਲ ਹੋਰ ਕਿਹੜੀ ਹੋ ਸਕਦੀ ਸੀ। ਸੋ ਰਣਜੀਤ ਚਾਚੇ ਨੇ ਸਤਬੀਰ ਨੂੰ ਸਲਾਹ ਦਿੱਤੀ ਕਿ ਤੂੰ ਸਵੇਰੇ ਹੀ ਉਸਤਾਦ ਕੋਲ ਆ ਜਾਇਆ ਕਰ ਅਤੇ ਸਾਰਾ ਦਿਨ ਇਥੇ ਹੀ ਰਹਿ ਕੇ ਰਾਤ ਨੂੰ ਘਰ ਮੁੜ ਆਇਆ ਕਰ। ਇਸ ਤਰਾਂ ਤੇਰਾ ਭਾਪਾ ਵੀ ਨਾਰਾਜ਼ ਨਹੀਂ ਹੋਵੇਗਾ। ਸਤਬੀਰ ਨੇ ਇਸੇ ਤਰ੍ਹਾਂ ਹੀ ਕੀਤਾ ਤੇ ਪੂਰੇ ਤਿੰਨ ਸਾਲ ਤਕ ਇਸ ਨਿਯਮ ਨੂੰ ਪਾਲਦਾ ਰਿਹਾ। ਉਸਤਾਦ ਚਾਂਦ ਖ਼ਾਨ ਸਤਬੀਰ ਨੂੰ ਅੱਠ-ਅੱਠ ਘੰਟੇ ਰਿਆਜ਼ ਲਈ ਬਿਠਾਉਂਦਾ। ਜਿਉਂ-ਜਿਉਂ ਸਤਬੀਰ ਨੂੰ ਸੰਗੀਤ ਦੀ ਸਮਝ ਆਉਂਦੀ ਗਈ ਉਸ ਦਾ ਸ਼ੌਕ ਹੋਰ ਵੀ ਵਧਦਾ ਗਿਆ। ਉਸਨੂੰ ਲੈਅ, ਤਾਲ, ਸੁਰ ਦਾ ਕਾਫ਼ੀ ਗਿਆਨ ਹੋਣ ਲੱਗ ਪਿਆ ਸੀ। ਉਹ ਬੜੀ ਲਗਨ ਤੇ ਮਿਹਨਤ ਨਾਲ ਸੰਗੀਤ ਦੇ ਰਿਆਜ਼ ਵਿਚ ਜੁੱਟਿਆ ਰਹਿੰਦਾ। (ਚੱਲਦਾ)

144/8, ਰੋੜਿਆਂ ਵਾਲੀ ਗਲੀ, ਨੇੜੇ ਸੈਫਾਬਾਦੀ ਗੇਟ, ਪਟਿਆਲਾ-147001
ਮੋਬਾ. 98154-78936

# ਭਗਤੀ ਤੇ ਸ਼ਕਤੀ ਦਾ ਆਦਰਸ਼ਕ ਮਾਡਲ: ਗੁਰੂ ਗੋਬਿੰਦ ਸਿੰਘ

ਸੁਖਵਿੰਦਰ ਕੌਰ

ਪੰਜਾਬੀ ਸਾਹਿਤ ਸਭਿਆਚਾਰ ਦੀ ਪਰੰਪਰਾ ਦੇ ਅੰਤਰਗਤ ਗੁਰਮਤਿ ਸਾਹਿਤ ਪਰੰਪਰਾ ਇਕ ਅਜਿਹੀ ਵਿਲੱਖਣ ਅਤੇ ਮਹਾਨ ਸਿਰਜਣਾਤਮਕ ਪ੍ਰਾਪਤੀ ਹੈ ਜੋ ਸਮੁਚੀ ਪੰਜਾਬੀ ਸਾਹਿਤ ਦੀ ਵਿਸ਼ਾਲ ਤੇ ਅਮੀਰ ਪ੍ਰਾਪਤੀ ਦਾ ਦਰਜਾ ਰੱਖਦੀ ਹੈ। ਜਿਸ ਦਾ ਅਧਿਐਨ ਜਦੋਂ ਵੀ ਜਿਸ ਵੀ ਸਮੇਂ ਕਿਸੇ ਵਿਦਵਾਨ, ਦਾਰਸ਼ਨਿਕ ਜਾਂ ਚਿੰਤਕ ਵਲੋਂ ਕੀਤਾ ਗਿਆ ਹੈ ਤਾਂ ਇਸ ਵਿਚੋਂ ਹਮੇਸ਼ਾਂ ਗਿਆਨਮੂਲਕ ਰੋਸ਼ਨੀ ਪ੍ਰਗਟ ਹੋਈ ਹੈ। ਨਵੀਂ ਦਿਸ਼ਾ, ਨਵੀਂ ਸੋਚ ਅਤੇ ਨਵੀਂ ਚੇਤਨਾ ਪ੍ਰਾਪਤ ਹੋਈ ਹੈ। ਇਹ ਗਿਆਨ ਦਾ ਅਜਿਹਾ ਸਾਗਰ ਹੈ ਜਿਸਦੀ ਥਾਹ ਪਾ ਸਕਣਾ ਕਿਸੇ ਵੀ ਦਾਰਸ਼ਨਿਕ ਜਾਂ ਵਿਦਵਾਨ ਲਈ ਮੁਸ਼ਕਿਲ ਹੀ ਨਹੀਂ ਬਲਕਿ ਨਾਮੁਮਕਿਨ ਹੈ। ਜਦੋਂ ਵੀ ਕਦੀ ਇਸਦਾ ਪਾਠ, ਅਧਿਐਨ ਜਾਂ ਮੰਥਨ ਕਰਨ ਦੀ ਇੱਛਾ ਅਧੀਨ ਇਸ ਨਾਲ ਸਾਂਝ ਸਥਾਪਿਤ ਕਰਨ ਦਾ ਯਤਨ ਕੀਤਾ ਜਾਂਦਾ ਹੈ ਤਾਂ ਇਹ ਉਦੋਂ ਹੀ ਨਵੀਂ ਤੇ ਨਰੋਈ ਪ੍ਰਤੀਤ ਹੁੰਦੀ ਹੈ। ਗੁਰਮਤਿ ਸਾਹਿਤ ਦਾ ਬੁਨਿਆਦੀ ਧਰਾਤਲ ਭਗਤੀ ਮਾਰਗ ਦੀ ਸਾਧਨਾ ਵਾਲਾ ਹੈ ਪਰ ਧਰਮ ਤੇ ਅਧਿਆਤਮ ਦੇ ਨਾਲ-ਨਾਲ ਇਸ ਨੇ ਸਮਾਜਿਕ ਤੇ ਰਾਜਨੀਤਕ ਪਹਿਲੂਆਂ ਨੂੰ ਵੀ ਉਨ੍ਹਾਂ ਹੀ ਮਹੱਤਵ ਪ੍ਰਦਾਨ ਕਰਕੇ ਹਰ ਪ੍ਰਕਾਰ ਦੇ ਧਾਰਮਿਕ, ਸਮਾਜਿਕ, ਸਭਿਆਚਾਰਕ ਤੇ ਰਾਜਨੀਤਕ ਅਤਿਆਚਾਰ ਦੇ ਵਿਰੁੱਧ ਡੱਟਣ ਲਈ ਮਨੁੱਖੀ ਸਵੈ-ਚੇਤਨਾ, ਸਵੈ-ਵਿਸ਼ਵਾਸ ਤੇ ਆਤਮਿਕ ਦ੍ਰਿੜਤਾ ਨੂੰ ਜਾਗ੍ਰਿਤ ਕਰਕੇ ਇਕ ਨਵੇਂ ਆਦਰਸ਼ਕ ਮਨੁੱਖੀ ਸਮਾਜ ਸਭਿਆਚਾਰ ਦੀ ਸਿਰਜਣਾ ਦਾ ਸੰਕਲਪ ਸਥਾਪਿਤ ਕੀਤਾ ਹੈ।

ਸਮੂਹ ਗੁਰੂ ਸਾਹਿਬਾਨ ਜਿਥੇ ਇਕ ਪਾਸੇ ਅਧਿਆਤਮ ਮਾਰਗੀ ਸਨ, ਪ੍ਰਭੂ ਭਗਤੀ ਵਿਚ ਸਦਾ ਲਿਵ ਲੀਨ ਰਹਿਣ ਵਾਲੇ ਸਾਧਕ ਅਥਵਾ ਪਰਮ ਸੰਤ ਸਨ ਉਥੇ ਦੂਜੇ ਪਾਸੇ ਸੱਚ, ਧਰਮ, ਨਿਆਂ, ਸਦਾਚਾਰ, ਨਿਡਰਤਾ, ਸਾਂਝੀਵਾਲਤਾ, ਸੇਵਾ, ਤਿਆਗ, ਸਾਹਸ ਅਤੇ ਸੂਰਬੀਰਤਾ ਆਦਿ ਭਾਵਾਂ ਦੇ ਧਾਰਨੀ ਹੁੰਦੇ ਹੋਏ ਮਹਾਨ ਆਗੂ, ਧਰਮ ਪਰਿਵਰਤਕ, ਯੁੱਗ ਪਰਿਵਰਤਕ, ਸ਼ਕਤੀਸ਼ਾਲੀ ਸਮਾਜ ਸੁਧਾਰਕ ਜਨ ਨਾਇਕ ਤੇ ਸੂਰਬੀਰ ਯੋਧੇ ਵੀ ਸਨ ਜਿਨ੍ਹਾਂ ਨੇ ਹਮੇਸ਼ਾਂ ਕਰਮ-ਕਾਂਡੀ ਧਾਰਮਿਕ ਪਰੰਪਰਾਵਾਂ, ਜ਼ਾਤ-ਪਾਤ, ਅੱਤਿਆਚਾਰ ਅਤੇ ਵਿਭਚਾਰ ਦਾ ਖੰਡਨ ਕਰਦਿਆਂ ਅਧਿਆਤਮਕ ਸਾਧਨਾ ਵਿਚ ਪ੍ਰਵਿਰਤ ਰਹਿ ਕੇ ਸੇਵਾ, ਤਿਆਗ ਤੇ ਨਾਮ ਸਿਮਰਨ ਦਾ ਸੰਦੇਸ਼ ਦਿੱਤਾ। ਸਮੂਹ ਗੁਰੂ ਸਾਹਿਬਾਨ ਪਰਮ ਸਤਿ ਦੀ ਖੋਜ ਅਥਵਾ ਪ੍ਰਾਪਤੀ ਨੂੰ ਆਪਣੇ ਜੀਵਨ ਦਾ ਮੁਖ ਮਨੋਰਥ ਸਮਝ ਕੇ ਮਨੁੱਖੀ ਕਲਿਆਣ ਦੀ ਭਾਵਨਾ ਨਾਲ ਭਰਪੂਰ ਪਰਮ ਸੰਤ ਸਨ। ਉਨ੍ਹਾਂ ਦਾ ਸਮੁੱਚਾ ਜੀਵਨ, ਵਿਅਕਤੀਤਵ ਅਤੇ ਸਾਹਿਤ ਭਗਤੀ ਤੇ ਸ਼ਕਤੀ ਦਾ ਅਤਿ ਸੁੰਦਰ ਸੁਮੇਲ ਕਿਹਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਸਾਰੇ ਹੀ ਗੁਰੂ ਸਾਹਿਬਾਨ ਨਿਰਸੰਦੇਹ ਪ੍ਰਭੂ ਭਗਤੀ ਵਿਚ ਲੀਨ ਰਹਿਣ ਵਾਲੇ ਅਧਿਆਤਮ ਮਾਰਗੀ ਸਨ ਪਰਤੂੰ ਸਮੇਂ ਦੀਆਂ ਰਾਜਨੀਤਕ ਸਥਿਤੀਆਂ ਅਨੁਸਾਰ ਉਨ੍ਹਾਂ ਨੂੰ ਭਗਤੀ ਦੇ ਨਾਲ ਸ਼ਕਤੀ, ਮੀਰੀ ਦੇ ਨਾਲ ਪੀਰੀ, ਦੇਗ ਦੇ ਨਾਲ ਤੇਗ਼ ਅਤੇ ਸ਼ਾਸਤਰ ਦੇ ਨਾਲ ਸ਼ਸਤਰ ਦੀ ਵਰਤੋਂ ਵੀ ਕਰਨੀ ਪਈ। ਗੁਰੂ ਨਾਨਕ ਦੇਵ ਜੀ ਮੱਧਕਾਲ ਦੇ ਪਹਿਲੇ ਅਜਿਹੇ ਗੁਰੂ ਸਨ ਜਿਨ੍ਹਾਂ ਨੇ ਵੇਲੇ ਦੀ ਸਰਕਾਰ ਦੇ ਅਤਿਆਚਾਰਾਂ ਤੋਂ ਤੰਗ ਆ ਕੇ ਵਿਦਰੋਹੀ ਸੁਰ ਪ੍ਰਗਟ ਕੀਤੀ। ਭਾਰਤ ਉੱਤੇ ਬਾਬਰ ਦੇ ਹਿੰਸਾਤਮਕ ਹਮਲੇ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ। ਆਪ ਨੇ ਸਪਸ਼ੱਟ ਤੇ ਤਿੱਖੀ ਸੁਰ ਵਿਚ ਬਾਬਰ ਨੂੰ ਪਾਪੀ ਤੇ ਅਧਰਮੀ ਕਿਹਾ। ਬਾਬਰ ਦੀਆਂ ਫ਼ੌਜਾਂ ਨੂੰ ਪਾਪ ਦੀ ਜੰਜ ਕਿਹਾ, ਰਾਜਿਆਂ ਨੂੰ ਸ਼ੀਹ, ਮੁਕੱਦਮਾਂ ਨੂੰ ਕੁੱਤੇ ਕਹਿਕੇ ਜ਼ਬਰ ਤੇ ਅਨਿਆਂ ਦੇ ਵਿਰੁੱਧ ਆਪਣਾ ਵਿਦਰੋਹ ਪ੍ਰਗਟ ਕੀਤਾ ਅਤੇ ਨਿਰਭਉ ਤੇ ਨਿਰਵੈਰ ਦੇ ਸੰਕਲਪ ਦੁਆਰਾ ਸਾਰੇ ਸੰਸਾਰ ਦੇ ਮਨੁੱਖਾਂ ਨੂੰ ਪਾਰਬ੍ਰਹਮ ਅਥਵਾ ਪਰਮ ਸੱਤਿ ਦਾ ਰੂਪ ਮੰਨ ਕੇ ਹਰ ਪ੍ਰਕਾਰ ਦੇ ਸਮਾਜਕ, ਧਾਰਮਿਕ ਤੇ ਰਾਜਨੀਤਕ ਦਮਨ ਨੂੰ ਰੱਦ ਕੀਤਾ। ਗੁਰੂ ਨਾਨਕ ਦੁਆਰਾ ਸਥਾਪਿਤ ਇਸ ਆਦਰਸ਼ ਤੇ ਚਲਦਿਆਂ ਗੁਰੂ ਅਰਜਨ ਦੇਵ ਜੀ ਨੇ ਆਪਣੀ ਲਾਸਾਨੀ ਸ਼ਹਾਦਤ ਨਾਲ ਸਿੱਖ ਧਰਮ ਦੇ ਇਤਿਹਾਸ ਵਿਚ ਇਕ ਨਵਾਂ ਕ੍ਰਾਂਤੀਕਾਰੀ ਮੋੜ ਲਿਆਂਦਾ ਜਿਸ ਸਦਕਾ ਸਿੱਖ ਧਰਮ ਵਿਚ ਇਕ ਨਵੀਂ ਜਾਨ ਤੇ ਚੇਤਨਾ ਦਾ ਪ੍ਰਵੇਸ਼ ਹੋਇਆ। ਇਸ ਨਾਲ ਜ਼ਬਰ, ਜ਼ੁਲਮ ਅਨਿਆਂ ਤੇ ਅਤਿਆਚਾਰ ਦਾ ਟਾਕਰਾ ਕਰਨ ਲਈ ਲੋਕਾਂ ਵਿਚ ਹਿੰਮਤ, ਦਲੇਰੀ, ਨਿਡਰਤਾ ਅਤੇ ਕੁਰਬਾਨੀ ਦੀ ਭਾਵਨਾ ਤੇ ਪਰੰਪਰਾ ਉਤਪੰਨ ਹੋਈ ਜਿਸਦੇ ਫਲਸਰੂਪ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਅਤੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਪੀਰੀ ਤੇ ਮੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਪਹਿਲੀ ਵਾਰੀ ਸਿੱਖ ਧਰਮ ਦੇ ਇਤਿਹਾਸ ਵਿਚ ਵਿਵਹਾਰਕ ਰੂਪ ਵਿਚ ਭਗਤੀ ਤੇ ਸ਼ਕਤੀ, ਸ਼ਾਸਤਰ ਤੇ ਸ਼ਸਤਰ ਦੀ ਪਰੰਪਰਾ ਸਥਾਪਿਤ ਕੀਤੀ ਜਿਸ ਨਾਲ ਸਿੱਖ ਧਰਮ ਵਿਚ ਅਮਲੀ ਪੱਧਰ ਉੱਤੇ ਭਗਤੀ ਤੇ

ਸ਼ਕਤੀ, ਸ਼ਾਸਤਰ ਤੇ ਸ਼ਸਤਰ ਦੀ ਪਰੰਪਰਾ ਦਾ ਪ੍ਰਵਾਹ ਚਲ ਪਿਆ ਅਤੇ ਇਸਦੇ ਸਿਟੇ ਵਜੋਂ ਵੈਰਾਗ ਤੇ ਤਿਆਗ ਦੇ ਸੁੰਦਰ ਸਮਿਨਵੈ ਨਾਲ ਭਰਪੂਰ ਗੁਰੂ ਤੇਗ਼ ਬਹਾਦਰ ਜੀ ਨੇ ਅੱਗੇ ਚਲ ਕੇ ਮਨੁੱਖੀ ਅਜ਼ਾਦੀ ਦੇ ਮਹਾਨ ਆਦਰਸ਼ ਖਾਤਿਰ ਧਾਰਮਿਕ ਅਨਿਆਂ ਅਤੇ ਅਤਿਆਚਾਰੀ ਚੁਣੌਤੀਆਂ ਦਾ ਪੂਰੀ ਨਿਡਰਤਾ ਤੇ ਸੂਰਬੀਰਤਾ ਨਾਲ ਮੁਕਾਬਲਾ ਕਰਦਿਆਂ ਆਤਮ ਬਲੀਦਾਨ ਦੇ ਕੇ ਭਗਤੀ ਤੇ ਸ਼ਕਤੀ ਦੇ ਆਦਰਸ਼ ਨੂੰ ਇਕ ਮਜਬੂਤ ਅਤੇ ਠੋਸ ਆਧਾਰ ਪ੍ਰਦਾਨ ਕਰ ਦਿੱਤਾ। ਇਸ ਸਬੰਧੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤਰ ਨਾਟਕ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ–

ਤਿਲਕ ਜੰਞੂ ਰਾਖਾ ਪ੍ਰਭ ਤਾਕਾ, ਕੀਨੋ ਬਡੋ ਕੁਲ ਮਹਿ ਸਾਕਾ॥
ਸਾਧਨਿ ਹੇਤਿ ਇਤਿ ਜਿਨਿ ਕਰੀ, ਸੀਸੁ ਦੀਆ ਪਰੁ ਸੀ ਨ ਉਚਰੀ॥
ਧਰਮ ਹੇਤੁ ਸਾਕਾ ਜਿਨਿ ਕੀਆ, ਸੀਸੁ ਦੀਆ ਪਰੁ ਸਿਰਰੁ ਨ ਦੀਆ॥1

ਗੁਰੂ ਤੇਗ਼ ਬਹਾਦਰ ਨਾ ਸਿਰਫ਼ ਹਿੰਦੂਆਂ ਦੇ ਸਮਰਥਕ ਸਨ ਅਤੇ ਨਾ ਹੀ ਮੁਸਲਮਾਨਾਂ ਦੇ ਵਿਰੋਧੀ ਸਨ। ਉਨ੍ਹਾਂ ਦੀ ਕੁਰਬਾਨੀ ਨਾ ਤਾਂ ਹਿੰਦੂਆਂ ਲਈ ਸੀ ਨਾ ਹੀ ਇਸਲਾਮ ਦੇ ਵਿਰੋਧ ਵਿਚ ਸੀ। ਉਹ ਤਾਂ

ਭੈ ਕਾਹੂ ਕੋ ਦੇਤੁ ਨਾਹੀ, ਨਾ ਭੈ ਮਾਨਤਿ ਆਨੁ॥2

ਅਰਥਾਤ ਨਿਰਭਊ ਤੇ ਨਿਰਵੈਰ ਦੇ ਸੰਕਲਪ ਦੇ ਧਾਰਨੀ ਸਨ। ਭੈ ਮੁਕਤ ਮਾਨਵੀ ਜੀਵਨ ਤੇ ਸਮਾਜ ਦੀ ਸਥਾਪਨਾ ਉਨ੍ਹਾਂ ਦਾ ਆਦਰਸ਼ ਸੀ ਉਹ ਤਾਂ ਧਾਰਮਿਕ ਨਿਰਪੱਖਤਾ ਤੇ ਧਾਰਮਿਕ ਸੁਤੰਤਰਤਾ ਦੇ ਹਾਮੀ ਸਨ। ਉਨ੍ਹਾ ਦੀ ਸ਼ਹਾਦਤ ਕਿਸੇ ਜਾਤੀ, ਧਰਮ ਜਾਂ ਵਰਗ ਲਈ ਨਹੀਂ ਸੀ ਬਲਕਿ ਉਹ ਤਾਂ ਅਨਿਆਂ, ਅਤਿਆਚਾਰ ਅਤੇ ਧਾਰਮਿਕ ਕੱਟੜਤਾ ਦੇ ਵਿਰੋਧ ਵਿਚ ਸੱਚ, ਨਿਆਂ ਤੇ ਧਾਰਮਿਕ ਸੰਪ੍ਰਦਾਇਕ ਸਦਭਾਵਨਾ ਵਰਗੇ ਮਹਾਨ ਮਾਨਵੀ ਆਦਰਸ਼ਾਂ ਲਈ ਸੀ।

ਗੁਰੂ ਗੋਬਿੰਦ ਸਿੰਘ ਇਸੇ ਪਰੰਪਰਾ ਦੇ ਅਨੁਯਾਈ ਹੁੰਦੇ ਹੋਏ ਇਕ ਵਿਸ਼ੇਸ਼ ਤੇ ਵਿਲੱਖਣ ਵਿਅਕਤੀਤਵ ਵਾਲੇ ਸਮਾਜ ਸੁਧਾਰਕ, ਸੂਰਬੀਰ ਜਰਨੈਲ, ਨਿੱਡਰ, ਕੁਰਬਾਨੀ ਦੇ ਪੁੰਜ ਅਤੇ ਦੇਸ਼ ਪ੍ਰੇਮੀ ਹੋਣ ਦੇ ਨਾਲ-ਨਾਲ ਮਾਨਵ ਭਲਾਈ ਦੀ ਭਾਵਨਾ ਨਾਲ ਭਰਪੂਰ ਪਰਮ ਸੰਤ ਸਨ। ਇੰਝ ਗੁਰੂ ਗੋਬਿੰਦ ਸਿੰਘ ਜੀ ਅਦੁੱਤੀ ਵਿਅਕਤੀਤਵ ਵਾਲੇ ਸਿੱਖ ਗੁਰੂ ਸਨ ਜਿਨ੍ਹਾਂ ਨੇ ਪ੍ਰਭੂ ਭਗਤੀ, ਸਮਾਜ ਸੇਵਾ ਤੇ ਸਾਹਿਤ ਸੇਵਾ ਦੇ ਸੰਗਮ ਨਾਲ ਸਮੇਂ ਦੇ ਸਮਾਜ ਨੂੰ ਨਵੀਂ ਦਿਸ਼ਾ ਤੇ ਦ੍ਰਿਸ਼ਟੀ ਦਿੱਤੀ ਜਿਸ ਦੀ ਸਾਰਥਿਕਤਾ ਤੇ ਪ੍ਰਸੰਗਿਕਤਾ ਅੱਜ ਵੀ ਉਸੇ ਤਰ੍ਹਾਂ ਬਰਕਰਾਰ ਹੈ ਜਿਸ ਤਰ੍ਹਾਂ ਤਤਕਾਲੀ ਸਮੇਂ ਵਿਚ ਸੀ। ਉਨ੍ਹਾਂ ਨੇ ਜਿਥੇ ਇਕ ਪਾਸੇ ਆਪਣੇ ਸੰਘਰਸਸ਼ੀਲ ਜੀਵਨ ਦੇ ਅਮਲ ਰਾਹੀਂ ਸਮਾਜ, ਦੇਸ਼ ਕੌਮ ਤੇ ਮਾਨਵਤਾ ਦੀ ਸੇਵਾ ਕੀਤੀ ਉਥੇ ਨਾਲ ਹੀ ਦੂਜੇ ਪਾਸੇ ਸਾਹਿਤ ਸਿਰਜਣਾ ਦੇ ਮਾਧਿਅਮ ਰਾਹੀਂ ਸਮਾਜ ਨੂੰ ਜਾਗ੍ਰਿਤ ਅਤੇ ਚੇਤਨ ਕੀਤਾ। ਇਸ ਪ੍ਰਕਾਰ ਇਹ ਗਲ ਭਲੀਭਾਂਤ ਸਪਸ਼ਟ ਹੈ ਕਿ ਗੁਰੂ ਸਾਹਿਬਾਨ ਦੇ ਵਿਵਹਾਰਿਕ ਜੀਵਨ ਤੇ ਉਨ੍ਹਾਂ ਦੁਆਰਾ ਸਿਰਜਿਤ ਸਾਹਿਤ ਦੋਹਾਂ ਨੂੰ ਸਮਾਨੰਤਰ ਰੂਪ ਵਿਚ ਸਮਝਿਆ ਹੀ ਉਨ੍ਹਾਂ ਦੇ ਜੀਵਨ ਦਰਸ਼ਨ ਦੀ ਪ੍ਰਮਾਣਿਕ ਸੋਝੀ ਪ੍ਰਾਪਤ ਕੀਤੀ ਜਾ ਸਕਦੀ ਹੈ। ਉਨ੍ਹਾਂ ਦੀ ਪ੍ਰਸਿੱਧ ਅਤੇ ਮਹੱਤਵਪੂਰਨ ਸਾਹਿਤ ਰਚਨਾ ਸਾਨੂੰ ਦਸਮ ਗ੍ਰੰਥ ਦੇ ਰੂਪ ਵਿਚ ਪ੍ਰਾਪਤ ਹੈ। ਜੋ ਸਿੱਖ ਧਰਮ ਵਿਚ ਗੁਰੂ ਗ੍ਰੰਥ ਸਾਹਿਬ ਤੋਂ ਪਿਛੋਂ ਦੂਜਾ ਵੱਡਾ ਤੇ ਸਤਿਕਾਰਤ ਗ੍ਰੰਥ ਹੈ। ਇਸ ਗ੍ਰੰਥ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਸੋਲਾਂ ਬਾਣੀਆਂ ਜਾਪੁ ਸਾਹਿਬ, ਅਕਾਲ ਉਸਤਤਿ, ਗਿਆਨ ਪ੍ਰਬੋਧ, ਸ਼ਬਦ ਹਜ਼ਾਰੇ, ਸਵੱਈਏ ਤੇ ਖਾਲਸਾ ਮਹਿਮਾ ਨਿਰੋਲ ਭਗਤੀ ਭਾਵਨਾ ਨਾਲ ਭਰਪੂਰ ਬਾਣੀਆਂ ਹਨ ਅਤੇ ਬਚਿਤਰ ਨਾਟਕ, ਚੰਡੀ ਚਰਿੱਤਰ (ਪਹਿਲਾ ਤੇ ਦੂਜਾ), ਚਉਬੀਸ ਅਵਤਾਰ, ਗਿਆਨ ਪ੍ਰਬੋਧ (126 ਬੰਦ ਤੋਂ ਅੰਤ ਤੱਕ) ਮਿੱਥਿਹਾਸਕ ਪ੍ਰਕਿਰਤੀ ਵਾਲੀਆਂ ਰਚਨਾਵਾਂ ਹਨ। ਜਿਨ੍ਹਾਂ ਦੇ ਕਰਤਾ ਬਾਰੇ ਵਾਦ-ਵਿਵਾਦ ਚਲਦਾ ਆ ਰਿਹਾ ਹੈ ਪਰਤੂੰ ਇਹਨਾਂ ਵਿਚਲਾ ਸਾਂਝਾ ਤੱਤ ਅਕਾਲ ਪੁਰਖ ਦੀ ਉਸਤਤਿ ਨਾਲ ਸਬੰਧਿਤ ਹੈ। ਜ਼ਫ਼ਰਨਾਮਾ ਫ਼ਾਰਸੀ ਭਾਸ਼ਾ ਵਿਚ ਲਿਖਿਆ ਵਿਜੈ-ਪੱਤਰ ਹੈ। ਸ਼ਸਤਰ ਨਾਮ ਮਾਲਾ ਵਿਚ ਸ਼ਸਤਰਾਂ ਨੂੰ ਪੀਰ ਦਾ ਦਰਜ਼ਾ ਦੇ ਕੇ ਉਨ੍ਹਾਂ ਦੀ ਮਹਿਮਾ ਕੀਤੀ ਗਈ ਹੈ।

ਨਿਰਗੁਣ ਭਗਤੀ ਪਰੰਪਰਾ ਦੇ ਮਹਾਨ ਆਗੂ ਅਤੇ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ, ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਅਤੇ ਪਿਤਾ ਗੁਰੂ ਤੇਗ਼ ਬਹਾਦਰ ਦੀ ਅਧਿਆਤਮਕ ਚੇਤਨਾ ਤੇ ਅੰਮ੍ਰਿਤਬਾਣੀ ਦਾ ਵਰਦਾਨ ਗੁਰੂ ਗੋਬਿੰਦ ਸਿੰਘ ਨੂੰ ਵਿਰਸੇ ਵਿਚੋਂ ਪ੍ਰਾਪਤ ਸੀ। ਵਿਵਹਾਰਿਕ ਕਰਮ-ਕਾਂਡ, ਅਨਿਆਂ, ਅੱਤਿਆਚਾਰ, ਅਨੈਤਿਕਤਾ, ਅਧਰਮ ਆਦਿ ਦੇ ਵਿਰੁੱਧ ਮਾਨਵੀ ਸੁਤੰਤਰਤਾ ਤੇ ਸਵੈਮਾਣ ਦੀ ਸੁਰੱਖਿਆ ਲਈ ਆਤਮ ਬਲੀਦਾਨ ਦੀ ਤੀਬਰ ਭਾਵਨਾ ਅਤੇ ਭਾਰਤੀ ਸਾਹਿਤ ਪਰੰਪਰਾ ਦਾ ਮੰਥਨ ਤੇ ਮਨਨ ਕਰਨ ਦੀ ਪ੍ਰਵਿਰਤੀ ਉਨ੍ਹਾਂ ਦੇ ਦੈਵੀ ਵਿਅਕਤੀਤਵ ਦਾ ਅਨਿਖੜ ਅੰਗ ਸੀ। ਮਾਨਵੀ ਏਕਤਾ ਦੀ ਭਾਵਨਾ ਨੂੰ ਉਤਪੰਨ ਕਰਨਾ ਉਨ੍ਹਾਂ ਦੇ ਜੀਵਨ ਦੀ ਪ੍ਰਬਲ ਇੱਛਾ ਤੇ ਮਨੋਰਥ ਸੀ। ਇਸ ਇੱਛਾ ਤੇ ਮਨੋਰਥ ਦੀ ਪੂਰਤੀ ਲਈ ਜਿੱਥੇ ਉਨ੍ਹਾਂ ਨੇ ਇਕ ਪਾਸੇ ਸੱਚੇ ਤੇ ਸੁੱਚੇ ਕਰਮਯੋਗੀ ਵਾਂਗ ਵਿਵਹਾਰਿਕ ਜੀਵਨ ਦੇ ਪੱਧਰ

ਉੱਤੇ ਸਾਰਾ ਜੀਵਨ ਸੰਘਰਸ਼ ਵਿਚ ਬਤੀਤ ਕੀਤਾ ਉਥੇ ਦੂਜੇ ਪਾਸੇ ਇਕ ਅਜਿਹਾ ਸਾਹਿਤਕ ਯੱਗ ਰਚਾਇਆ ਜਿਸ ਦੁਆਰਾ ਪ੍ਰਾਚੀਨ ਭਾਰਤੀ ਸਾਹਿਤ ਪ੍ਰੰਪਰਾ ਅਥਵਾ ਵਿਰਾਸਤ ਦੇ ਗੌਰਵ ਨੂੰ ਸਥਾਪਿਤ ਕਰਦਿਆਂ ਵਿਭਿੰਨ ਭਾਰਤੀ ਭਾਸ਼ਾਵਾਂ ਵਿਚ ਖੁਦ ਵੀ ਸਾਹਿਤ ਰਚਨਾ ਕੀਤੀ ਤੇ ਕਰਵਾਈ ਵੀ। ਗੁਰੂ ਗੋਬਿੰਦ ਸਿੰਘ ਜੀ ਦੀ ਇਸ ਰੁੱਚੀ ਅਧੀਨ ਜਾਪੁ ਸਾਹਿਬ ਤੇ ਅਕਾਲ ਉਸਤਤਿ ਵਰਗੀਆਂ ਨਿਰੋਲ ਅਧਿਆਤਮਿਕ ਗਿਆਨ ਭਰਪੂਰ ਰਚਨਾਵਾਂ ਦੀ ਰਚਨਾ ਹੋਈ ਜਿਨ੍ਹਾਂ ਵਿਚ ਸੂਖਮ ਤੱਤ ਗਿਆਨ ਦੀ ਪੱਧਰ ਉੱਤੇ ਪਾਰਬ੍ਰਹਮ ਦੇ ਨਿਰਗੁਣ ਸਰੂਪ ਦੀ ਭਾਵਪੂਰਤ ਸ਼ੈਲੀ ਰਾਹੀਂ ਅਭਿਵਿਅਕਤੀ ਕੀਤੀ ਗਈ ਹੈ। ਬਚਿਤਰ ਨਾਟਕ, ਚੰਡੀ ਚਰਿਤਰ, ਚਉਬੀਸ ਅਵਤਾਰ ਆਦਿ ਵਿਚ ਗੁਰੂ ਪ੍ਰੰਪਰਾ ਅਥਵਾ ਵਿਰਾਸਤ ਪਾਸੋਂ ਕੁਝ ਨਵੀਂ ਚੇਤਨਾ, ਪ੍ਰੇਰਨਾ ਜਾਂ ਦਿਸ਼ਾ ਪ੍ਰਾਪਤ ਕਰ ਸਕਣ। ਇਹਨਾਂ ਰਚਨਾਵਾਂ ਦਾ ਮੰਤਵ ਸਿਰਫ਼ ਲੋਕਾਂ ਵਿਚ ਧਰਮ ਯੁੱਧ ਦਾ ਚਾਅ ਉਤਪੰਨ ਕਰਨਾ ਹੈ ਨਾ ਕਿ ਕਿਸੇ ਦੇਵੀ ਦੇਵਤਾ ਦੀ ਪੂਜਾ ਜਾਂ ਅਰਾਧਨਾ ਕਰਨਾ ਹੈ। ਇਸ ਗੱਲ ਦਾ ਪ੍ਰਤੱਖ ਪ੍ਰਮਾਣ ਸਾਨੂੰ ਗੁਰੂ ਸਾਹਿਬ ਦੀਆਂ ਹੇਠਲੀਆਂ ਪੰਗਤੀਆਂ ਤੋਂ ਭਲੀ ਭਾਂਤ ਪ੍ਰਾਪਤ ਹੋ ਜਾਂਦਾ ਹੈ–

ਦਸਮ ਕਥਾ ਭਗੌਤ ਕੀ, ਭਾਖਾ ਕਰੀ ਬਨਾਇ ॥
ਅਵਰਿ ਬਾਸਨਾ ਨਾਹੀ ਪ੍ਰਭ, ਧਰਮਯੁਧ ਕੇ ਚਾਇ ॥3

ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਦਾ ਮੁਖ ਮਨੋਰਥ ਸਾਹਿਤ ਰਚਨਾ ਦੁਆਰਾ ਲੋਕ ਚੇਤਨਾ ਨੂੰ ਉਭਾਰਨਾ ਸੀ। ਆਪ ਦੀ ਬਾਣੀ ਨੇ ਮੁਰਦਾ ਦਿਲਾਂ ਵਿਚ ਜਾਨ ਪਾ ਦਿੱਤੀ, ਉਨ੍ਹਾਂ ਅੰਦਰ ਜ਼ਿੰਦਗੀ ਜੀਊਣ ਦਾ ਅਨੋਖਾ ਚਾਅ ਪੈਦਾ ਕਰ ਦਿੱਤਾ। ਲੋਕਾਂ ਨੂੰ ਧਾਰਮਿਕ ਜਮੂਦ ਅਤੇ ਮਾਨਸਿਕ ਗੁਲਾਮੀ ਤੋਂ ਮੁਕਤ ਕਰਕੇ ਸਵੈਮਾਣ ਤੇ ਸਜੀਵਤਾ ਵਾਲੀ ਜ਼ਿੰਦਗੀ ਜੀਉਣ ਦੀ ਜਾਚ ਸਿਖਾ ਦਿੱਤੀ। ਗੁਰੂ ਗੋਬਿੰਦ ਸਿੰਘ ਦਾ ਵਿਅਕਤੀਤਵ ਇਕ ਅਜਿਹੇ ਸੰਤ ਸਿਪਾਹੀ ਅਤੇ ਸਾਹਿਤਕਾਰ ਦੇ ਸਮਿਨਵੈ ਨਾਲ ਭਰਪੂਰ ਸੀ ਕਿ ਦੇਸ਼, ਕੌਮ ਅਥਵਾ ਮਾਨਵਤਾ ਦੀ ਸੁਰਖਿਆ ਤੇ ਧਰਮ ਦੀ ਪੁਨਰ ਸਥਾਪਨਾ ਖਾਤਿਰ ਉਨ੍ਹਾਂ ਨੇ ਕਲਮ ਤੇ ਤਲਵਾਰ ਅਥਵਾ ਸ਼ਾਸਤਰ ਤੇ ਸ਼ਸਤਰ ਦੀ ਇਕਸਾਰ ਵਰਤੋਂ ਕਰਕੇ ਆਪਣੇ ਜੀਵਨ ਆਦਰਸ਼ ਨੂੰ ਪੂਰਾ ਕੀਤਾ ਜਿਸ ਦਾ ਸਪਸ਼ਟ ਉਲੇਖ ਉਨ੍ਹਾਂ ਨੇ ਆਪਣੀ ਪ੍ਰਸਿੱਧ ਆਤਮਕਥਾ ਬਚਿਤਰ ਨਾਟਕ ਵਿਚ ਇੰਝ ਕੀਤਾ ਹੈ–

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵਿ ਪਠਾਏ ॥
ਜਹਾ ਤਹਾ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨਿ ਪਕਰਿ ਪਛਾਰੋ ॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਭਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਿਨ ॥4

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਮੁਖ ਉਦੇਸ਼ ਇਸ ਧਰਤੀ ਉੱਤੇ ਆ ਕੇ ਇਕ ਅਜਿਹੇ ਮਨੁੱਖੀ ਵਿਅਕਤੀਤਵ ਦੀ ਘਾੜਤ ਘੜਨਾ ਸੀ ਜੋ ਧਰਮ ਦੀ ਰਖਿਆ ਕਈ ਦੁਸ਼ਟਾਂ, ਪਾਪੀਆਂ ਦਾ ਨਾਸ਼ ਕਰ ਸਕੇ। ਬ੍ਰਹਮ ਅਥਵਾ ਅਕਾਲ ਪੁਰਖ ਦੇ ਅਜਿਹੇ ਆਦੇਸ਼ ਅਧੀਨ ਹੀ ਉਨ੍ਹਾਂ ਨੇ ਤਲਵਾਰ ਅਥਵਾ ਸ਼ਕਤੀ ਦਾ ਪ੍ਰਯੋਗ ਕੀਤਾ। ਉਨ੍ਹਾਂ ਅਨੁਸਾਰ ਸੱਚ, ਧਰਮ ਤੇ ਨਿਆਂ ਦੀ ਸਥਾਪਤੀ ਲਈ ਤੀਰ, ਤੁਫ਼ੰਗ, ਗਦਾ, ਗੁਰਜ ਅਦਿ ਸਭ ਸ਼ਸਤਰ ਬ੍ਰਹਮ ਸ਼ਕਤੀ ਦੇ ਹੀ ਪ੍ਰਤੀਕ ਹਨ। ਸ਼ਸਤਰ ਨਾਮ ਮਾਲਾ ਵਿਚ ਸ਼ਸਸਤਰਾਂ ਦੀ ਬ੍ਰਹਮ ਰੂਪ ਵਿਚ ਅਰਾਧਨਾ ਕਰਦੇ ਹੋਏ ਗੁਰੂ ਸਾਹਿਬ ਲਿਖਦੇ ਹਨ–

ਤੁਮੀ ਗੁਰਜ ਤੁਮਹੀ ਗਦਾ ਤੁਮ ਹੀ ਤੀਰ ਤੁਫ਼ੰਗ ॥
ਦਾਸ ਜਾਨ ਮੋਰੀ ਸਦਾ ਰਛ ਕਰੋ ਸਰਬੰਗ ॥5

ਗੁਰੂ ਗੋਬਿੰਦ ਸਿੰਘ ਦਾ ਧਰਤੀ ਉੱਤੇ ਆਗਮਨ ਲੋਕਾਈ ਨੂੰ ਅਕਾਲ ਪੁਰਖ਼ ਅਥਵਾ ਪਾਰਬ੍ਰਹਮ ਦਾ ਸਹੀ ਬੋਧ ਕਰਵਾਉਣ ਲਈ ਮਨੁੱਖੀ ਸਦਾਚਾਰਕ ਨੈਤਿਕ ਕਦਰਾਂ ਨਾਲ ਭਰਪੂਰ ਮਾਨਵੀ ਆਦਰਸ਼ਾਂ ਦੇ ਸੰਸਥਾਪਕ ਅਤੇ ਯੁੱਗ ਪਰਿਵਰਤਕ ਦੇ ਰੂਪ ਵਿਚ ਹੋਇਆ। ਗੁਰੂ ਸਾਹਿਬ ਦਾ ਸਮੁੱਚਾ ਜੀਵਨ ਸੰਘਰਸ਼ਮਈ ਅਤੇ ਪ੍ਰੇਰਨਾਮੂਲਕ ਹੈ। ਗੀਤਾ ਵਿਚ ਕ੍ਰਿਸ਼ਨ ਭਗਵਾਨ ਦੁਆਰਾ ਪ੍ਰਸਤੁਤ ਅਧਰਮ, ਅਨਿਆਂ ਤੇ ਅਤਿਆਚਾਰ ਦੇ ਆਦਰਸ਼ ਕਿ ਜਦੋਂ ਅਮਨ ਤੇ ਸ਼ਾਂਤੀ ਦੇ ਸਾਰੇ ਵਸੀਲੇ ਖਤਮ ਹੋ ਜਾਣ ਤਾਂ ਉਸ ਵੇਲੇ ਸ਼ਕਤੀ ਅਥਵਾ ਸ਼ਸਤਰਾਂ ਦੀ ਵਰਤੋਂ ਕਰਨੀ ਉਚਿਤ ਹੈ, ਨੂੰ ਗੁਰੂ ਗੋਬਿੰਦ ਸਿੰਘ ਦੇ ਜੀਵਨ, ਵਿਅਕਤੀਤਵ ਅਤੇ ਸਾਹਿਤ ਵਿਚੋਂ ਪੂਰੀ ਤਰ੍ਹਾਂ ਸਪਸ਼ਟ ਹੁੰਦਾ ਵੇਖਿਆ ਜਾ ਸਕਦਾ ਹੈ। ਅਧਰਮ, ਅਨਿਆਂ ਅਤੇ ਅਤਿਆਚਾਰ ਵਿਰੋਧੀ ਸਵਰ ਗੁਰੂ ਨਾਨਕ ਦੇਵ ਜੀ ਅਤੇ ਇਸ ਤੋਂ ਬਾਅਦ ਆਉਣ ਵਾਲੇ ਗੁਰੂਆਂ ਦੇ ਜੀਵਨ ਅਤੇ ਰਚਨਾ ਵਿਚੋਂ ਪ੍ਰਗਟ ਹੁੰਦਾ ਹੈ। ਗੁਰੂ ਨਾਨਕ ਤੋਂ ਲੈ ਕੇ ਬਾਕੀ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੇ

ਪੀਰੀ ਅਤੇ ਮੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਭਗਤੀ ਅਤੇ ਸ਼ਕਤੀ ਦਾ ਸਿਧਾਂਤ ਅਥਵਾ ਸੰਕਲਪ ਵਿਵਹਾਰਕ ਪੱਧਰ ਉੱਤੇ ਸਥਾਪਿਤ ਕਰ ਦਿੱਤਾ ਅਤੇ ਇਸ ਦਾ ਸਿਖ਼ਰ ਅਗੇ ਚਲ ਕੇ ਸਾਨੂੰ ਗੁਰੂ ਗੋਬਿੰਦ ਸਿੰਘ ਦੁਆਰਾ ਖਾਲਸਾ ਪੰਥ ਦੀ ਸਥਾਪਨਾ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ ਜਦੋਂ ਮੁਗਲ ਬਾਦਸ਼ਾਹ ਅਕਬਰ ਦੀ ਉਦਾਰਵਾਦੀ ਧਾਰਮਿਕ ਨੀਤੀ ਔਰੰਗਜੇਬ ਦੇ ਸਮੇਂ ਵਿਚ ਪਹੁੰਚ ਕੇ ਸੰਪ੍ਰਦਾਇਕ, ਸੰਕੀਰਣਤਾ ਤੇ ਕੱਟੜਤਾ ਵਿਚ ਬਦਲ ਜਾਂਦੀ ਹੈ। ਇਸ ਪ੍ਰਕਾਰ ਦੀ ਸੰਕਟਗ੍ਰਸਤ ਸਥਿਤੀ ਨੇ ਗੁਰੂ ਨੂੰ ਸੱਚ, ਧਰਮ ਤੇ ਨਿਆਂ ਦੀ ਸੁੱਰਖਿਆਂ ਲਈ ਤਲਵਾਰ ਚੁੱਕਣ ਵਾਸਤੇ ਮਜਬੂਰ ਕਰ ਦਿੱਤਾ। ਆਪਣੀ ਇਸ ਯੁੱਧ ਨੀਤੀ ਨੂੰ ਸਪਸ਼ਟ ਕਰਦਿਆਂ ਗੁਰੂ ਸਾਹਿਬ ਨੇ ਔਰੰਗਜੇਬ ਨੂੰ ਚਿੱਠੀ ਦੇ ਰੂਪ ਵਿਚ ਆਪਣੇ ਜ਼ਫ਼ਰਨਾਮੇ ਵਿਚ ਇਉਂ ਪ੍ਰਗਟਾਇਆ ਹੈ:

ਚੂ ਕਰ ਅਜ ਹਮਾ ਹਲਿਤੇ ਦਰ ਗੁਜ਼ਸ਼ਤ,
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤੁ ॥ 6

ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਧੰਨ ਦੌਲਤ ਜਾਂ ਰਾਜ ਸੱਤਾ ਦੀ ਪ੍ਰਾਪਤੀ ਲਈ ਤਲਵਾਰ ਨਹੀਂ ਚੁੱਕੀ। ਕਿਸੇ ਜ਼ਾਤੀ, ਧਰਮ, ਦੇਸ਼, ਕੌਮ ਆਦਿ ਨੂੰ ਆਤੰਕਿਤ ਕਰਕੇ ਆਪਣੀ ਸੂਰਬੀਰਤਾ ਅਥਵਾ ਤਲਵਾਰ ਦੀ ਵਰਤੋਂ ਸਿਰਫ਼ ਅਧਰਮ, ਅਨਿਆਂ ਤੇ ਅਤਿਆਚਾਰ ਦੇ ਵਿਨਾਸ਼ ਲਈ ਅਤੇ ਇਸ ਦੀ ਥਾਂ ਸੱਚ, ਧਰਮ ਤੇ ਨਿਆਂ ਦੀ ਸਥਾਪਤੀ ਲਈ ਹੀ ਕੀਤੀ। ਇਸ ਦ੍ਰਿਸ਼ਟੀ ਤੋਂ ਉਹ ਸਹੀ ਅਰਥਾਂ ਵਿਚ ਆਪਣਾ ਅਸਲੀ ਲਕਸ਼ ਧਰਮ ਯੁੱਧ ਨੂੰ ਹੀ ਸਵੀਕਾਰਦੇ ਹਨ। ਧਰਮ ਉਨ੍ਹਾਂ ਲਈ ਕੋਈ ਵਿਸ਼ੇਸ਼ ਮੱਤ, ਪੰਥ ਜਾਂ ਸੰਪ੍ਰਦਾ ਨਹੀਂ ਬਲਕਿ ਧਰਮ ਉਨ੍ਹਾਂ ਲਈ ਸਤਿ ਅਤੇ ਨਿਆਂ ਦਾ ਪ੍ਰਤੀਕ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਸੂਰਬੀਰਤਾ ਦਾ ਜ਼ਜਬਾ ਉਦਾਰਤਾ ਅਤੇ ਉਦਾਤਤਾ ਨਾਲ ਭਰਪੂਰ ਹੈ ਜਿਸ ਵਿਚ ਦਇਆ, ਨਿਮਰਤਾ ਅਤੇ ਖਿਮਾਂ ਦੇ ਗੁਣ ਮੌਜੂਦ ਹਨ। ਰ ੋ{ ਰ'ਡਪਜ਼ਦ ਡ;ਜ਼ਣ ਹਿ ਦਕ ਨਕਦੋ;ਓ ਨਡਜਜ਼;ਕਟਕਦ ਭਜਹਅ ਸ/ ਭਕ ਜਹ ਡਜਜ਼;ਕਟਕਦ ਜ?.ਡਜਜ਼;ਕ ਡਏ;/ ਟ/ਬ/ ਨਡਜਜ਼;ਕ ਜ। ਜ਼ਦਹ ਜ? ਸ/ ਨਡਜਜ਼;ਕ ਡਜਜ਼;ਕ. ਬ'ਞ ਨਭ। ;ਕੋ, ਨਕਗਧ/ ਚੋਓ ਦਹ ਗਸ਼ਕਧ ਏਦ/ ਜ'ਝ/ ਯੋ ਭ{ਜ਼ ਡਭਘਕ ;ਇਧਕ ਜਹ ;ਗ਼ੁਕ ਨਕਦੋ;ਓ ਜ?.ਝਹ ਟਕੋ ;। ਓਘ ਏਭ ਬਝਹ ਡਜਜ਼;ਕ ਟਹ ਏਭਹ ਗ?ਅਦਹ ਜ?.ਨਡਜਿਹ ਡਜਜ਼;ਕ ਘਰਸਹ ਦਕ ਜਹ ਡਝਏ ਨਜ਼ਰ ਜ? ਡਏਠ। ਅਡਏ ਨਕਦੋ;ਓ ਠ। ਗ਼ੁਕ ਜ?, ਡਭ;ਓਕਭਕ ਪ/ਰੋਓ ਜ?.ਡਝਜ਼ੰ ;ਓਇਸਹ ਦਹ ਟੋਸ'ਅ ਟਹ ਘਰਸਹ ਜ' ਡਭਪੜਦਹ ਜ? ਗੋ ;ਓਇਸਹ ਦਹ ਟੋਸ'ਅ ਏਦ'ਅ, ਡਏਟ/ਅ ਸ/ ਡਏਓ/ ਏਭਹ ਜ? ਡਝਜ ਕਿਭਧ ਦਹ ਬ'ਞ ਜ?.ਡਝ; ਬ'ਞ ਦਕ ਡਰਨਕਭ ;ੁਹ ਘਰਸਹ ਭਕਬ ਜ। ਜ਼ਦਕ ਜ?.ਘਰਸਹ ਦ/ ੋਕਜ ਸ/ ੍ਬਧ ਟਕਡਬਨਖ ਬਝਹ ;ਓਇਸਹ ਦਹ ਟੋਸ'ਅ ਨਕੋਹ ਜਡਓਨਕੋ ਜ। ਜ਼ਦਕ ਜ?.ਜਿਸ ਨੂੰ ਉਨ੍ਹਾਂ ਨੇ ਸ਼ਸਤਰਾਂ ਨੂੰ ਉਨ੍ਹਾਂ ਨੇ ਰੱਬੀ ਸ਼ਕਤੀ ਦਾ ਪ੍ਰਤੀਕ ਮੰਨ ਕੇ ਪਿਆਰਿਆ ਤੇ ਸਤਿਕਾਰਿਆ ਹੈ। ਸ਼ਸਤਰ ਨਾਮ ਮਾਲਾ ਵਿਚ ਉਨ੍ਹਾਂ ਨੇ ਲਿਖਿਆ ਹੈ-

ਅਸਿ ਕ੍ਰਿਪਾਨ ਖੰਡੋ ਖੜਕ ਤੁਪਕ-ਤਬਰ ਅਰੁ ਤੀਰ ॥
ਸੈਫ਼ ਸਰੋਹੀ ਸੈਹਥੀ ਇਹੈ ਹਮਾਰੇ ਪੀਰ ॥
ਕਾਲ ਤੁਹੀ ਕਾਲੀ ਤੁਹੀ ਤੁਹੀ ਤੇਰਾ ਅਰੁ ਤੀਰ ॥
ਤੁਹੀ ਨਿਸਾਨੀ ਜੀਤ ਕੀ ਆਜੁ ਤੁਹੀ ਜਗਬੀਰ ॥ 7

ਗੁਰੂ ਗੋਬਿੰਦ ਸਿੰਘ ਦੀ ਅਧਿਆਤਮਕ ਚੇਤਨਾ ਮੂਲ ਰੂਪ ਵਿਚ ਪੂਰਵ ਵਰਤੀ ਗੁਰੂ ਪਰੰਪਰਾ ਦੀ ਹੀ ਅਨੁਸਾਰੀ ਹੈ ਜਿਸ ਵਿਚ ਸਵਾਰਥਹੀਨ ਸੇਵਾ, ਸਿਮਰਨ ਤੇ ਭਗਤੀ ਦੇ ਮਾਧਿਅਮ ਦੁਆਰਾ ਪ੍ਰਭੂ ਪ੍ਰਾਪਤੀ ਦਾ ਮਾਰਗ ਦਰਸਾਇਆ ਗਿਆ ਹੈ। ਖਾਲਸੇ ਦੀ ਤਲਵਾਰ ਰੱਬੀ ਸ਼ਕਤੀ ਦਾ ਚਿੰਨ੍ਹ ਹੈ ਜਿਸ ਨੂੰ ਧਾਰਨ ਕਰਕੇ ਗਊ ਗਰੀਬ ਦੀ ਰੱਖਿਆ ਤੇ ਸੰਸਾਰ ਦੇ ਕਲਿਆਨ ਲਈ ਵਰਤਣ ਦਾ ਉਪਦੇਸ਼ ਹੈ। ਬਚਿਤਰ ਨਾਟਕ ਵਿਚ ਇਸ ਸੰਕਲਪ ਨੂੰ ਇਉਂ ਪ੍ਰਗਟਾਇਆ ਹੈ:

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾਂ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ ॥
ਜੈ ਜੈ ਜਗ ਕਾਰਣੰ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥ 8

ਇਸ ਪ੍ਰਕਾਰ ਗੁਰੂ ਗੋਬਿੰਦ ਸਿੰਘ ਨੇ ਭਾਰਤੀ ਜਨਤਾ ਜੋ ਸਦੀਆਂ ਦੀ ਲੰਮੀ ਗੁਲਾਮੀ ਸਦਕਾ ਭੈਅ, ਸਹਿਮ ਤੇ ਹੀਨ ਭਾਵਨਾ ਦੀ ਸ਼ਿਕਾਰ ਹੋ ਚੁਕੀ ਸੀ ਨੂੰ ਇਸ ਦਲਦਲ ਭਰਪੂਰ ਮਾਨਸਿਕ ਸਥਿਤੀ ਵਿਚੋਂ ਬਾਹਰ ਕੱਢ ਕੇ ਉਸ ਵਿਚ

ਸਵੈਮਾਣ, ਅਣਖ ਤੇ ਇਜ਼ਤ ਨਾਲ ਜ਼ਿੰਦਗੀ ਜੀਉਣ ਦਾ ਨਵਾ ਜੋਸ਼ ਤੇ ਉਤਸ਼ਾਹ ਉਤਪੰਨ ਕੀਤਾ। ਜਿਸਦੇ ਫਲਸਰੂਪ ਗਰੀਬ ਤੇ ਲਤਾੜੇ ਹੋਏ ਲੋਕ ਸੂਰਬੀਰ ਯੋਧੇ ਬਣ ਕੇ ਨਾ ਸਿਰਫ ਵੇਲੇ ਦੇ ਜ਼ਾਲਮ ਹਾਕਮ ਔਰੰਗਜੇਬ ਦੀਆਂ ਵਧੀਕੀਆਂ, ਉਸ ਦੇ ਅਤਿਆਚਾਰ ਤੇ ਅਨਿਆਂ ਦਾ ਮੁਕਾਬਲਾ ਕਰਨ ਲਈ ਹੀ ਉਠ ਖੜੇ ਹੋਏ ਬਲਕਿ ਹਰ ਪ੍ਰਕਾਰ ਦੇ ਸਮਾਜਿਕ, ਰਾਜਸੀ ਤੇ ਧਾਰਮਿਕ ਜ਼ਬਰ, ਜ਼ੁਲਮ ਦਾ ਟਾਕਰਾ ਕਰਕੇ ਨਵੀਆਂ ਮਨੁੱਖੀ ਕਦਰਾਂ-ਕੀਮਤਾਂ ਵਾਲੇ ਨਵੇਂ ਆਦਰਸ਼ਕ ਸਮਾਜ ਸਭਿਆਚਾਰ ਦੀ ਸਿਰਜਣਾ ਦਾ ਬੀੜਾ ਚੁੱਕਣ ਲਈ ਤਿਆਰ ਹੋ ਗਏ। ਇਸ ਪ੍ਰਕਾਰ ਭਾਰਤੀ ਲੋਕਾਂ ਅੰਦਰ ਜ਼ੁਲਮ ਦੇ ਵਿਰੁੱਧ ਵਿਦਰੋਹ ਦੀ ਇਕ ਸ਼ਕਤੀਸ਼ਾਲੀ ਲਹਿਰ ਉਤਪੰਨ ਹੋ ਗਈ ਜੋ ਖਾਲਸੇ ਦੇ ਰੂਪ ਵਿਚ ਇਕ ਅਜਿਹੀ ਤਲਵਾਰਧਾਰੀ ਬੀਰ ਸ਼ਕਤੀ ਦਾ ਰੂਪ ਧਾਰਕੇ ਪ੍ਰਗਟ ਹੋਈ ਜਿਸ ਨੇ ਯੁੱਧ ਖੇਤਰ ਵਿਚ ਜ਼ਾਲਮ ਨਾਲ ਜੂਝਦਿਆਂ ਜ਼ਾਲਮ ਦਾ ਨਾਸ਼ ਕਰਨ ਦਾ ਦ੍ਰਿੜ ਸੰਕਲਪ ਕਰ ਲਿਆ ਜਿਸਦਾ ਪ੍ਰਤੱਖ ਪ੍ਰਮਾਣ ਸਾਨੂੰ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ ਚੰਡੀ ਚਰਿੱਤਰ ਵਿਚੋਂ ਇਸ ਰੂਪ ਵਿਚ ਪ੍ਰਾਪਤ ਹੁੰਦਾ ਹੈ-

ਦੇਹ ਸ਼ਿਵਾ ਵਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨਾ ਟਰੋ॥
ਨਾ ਡਰੋ ਅਰਿ ਸੋ ਜਬ ਜਾਇ ਲਰੋ, ਨਿਸਚੈ ਕਰ ਆਪਨੀ ਜੀਤ ਕਰੋ॥
ਅਰੁ ਸਿਖ ਹੋ ਆਪਨੇ ਹੀ ਮਨ ਕੋ, ਇਹ ਲਾਲਚ ਹਉ ਗੁਨ ਤਉ ਉਚਰੋ॥
ਜਬ ਆਵ ਕੀ ਅਉਦ ਨਿਧਾਨ ਬਨੈ, ਅਤਿ ਹੀ ਰਨ ਮੈ ਤਬ ਜੂਝ ਮਰੋ॥9

ਗੁਰੂ ਗੋਬਿੰਦ ਸਿੰਘ ਨੇ ਆਪਣੀ ਬਾਣੀ ਦੇ ਝਰੋਖੇ ਰਾਹੀਂ ਹੀ ਖਾਲਸੇ ਦੀ ਭੂਮਿਕਾ ਨਿਸ਼ਚਿਤ ਕਰ ਦਿੱਤੀ ਹੈ ਕਿ ਖਾਲਸਾ ਉਹ ਹੈ ਜੋ ਸ਼ਸਤਰ ਨੂੰ ਸ਼ਾਸਤਰ ਦੀ ਟੇਕ ਵਿਚ ਰੱਖਦਾ ਹੈ। ਜਿਸ ਸ਼ਸਤਰ ਦੀ ਦਿਸ਼ਾ ਸ਼ਾਸਤਰ ਕਰ ਰਿਹਾ ਹੋਵੇ। ਉਹੀ ਸ਼ਸਤਰ ਨਿਆ ਦੀ ਪੈਰਵੀ ਕਰਦਾ ਹੈ। ਖਾਲਸਾ ਪੰਥ ਦੇ ਮਜ਼ਲੂਮ ਦਾ ਰੱਖਿਅਕ ਹੈ ਤਾਂ ਇਸ ਦਾ ਇਹੀ ਰਹੱਸ ਹੈ ਕਿ ਉਸ ਦੇ ਸ਼ਸਤਰ ਨੇ ਦੈਂਤ ਰੂਪੀ ਅਮਾਨਵੀ ਸ਼ਕਤੀਆਂ ਦਾ ਅੰਤ ਕਰਨਾ ਹੈ। ਇਹੀ ਕਾਰਨ ਹੈ ਕਿ ਖਾਲਸੇ ਦੇ ਮੂੰਹ ਵਿਚ ਬਾਣੀ ਹੈ ਅਤੇ ਕਰਮ ਵਿਚ ਜੂਝਣ ਦਾ ਚਾਓ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਜੋ ਭਗਤੀ ਤੇ ਸ਼ਕਤੀ ਦਾ ਮਾਡਲ ਆਪਣੇ ਸਿੱਖ ਨੂੰ ਦਿੱਤਾ, ਉਹ ਮਾਡਲ ਸ਼ਸਤਰ ਅਤੇ ਸ਼ਾਸਤਰ ਨੂੰ ਇਕ-ਦੂਜੇ ਦੇ ਪ੍ਰਸੰਗ ਵਿਚ ਅਰਥ ਦੇਣ ਵਾਲਾ ਸੀ। ਇਤਿਹਾਸ ਦੀਆਂ ਚੁਣੌਤੀਆਂ ਦੇ ਸੰਦਰਭ ਵਿਚ ਇਹੀ ਮਾਡਲ ਭਵਿੱਖ-ਮੁਖੀ ਸਿੱਧ ਹੋਇਆ ਹੈ। ਖਾਲਸਾ ਪੰਥ ਦੀ ਸਿਰਜਣਾ ਦਬੀਆਂ ਲਤਾੜੀਆਂ ਅਤੇ ਪੀੜਿਤ ਧਿਰਾਂ ਅੰਦਰ ਸਵੈ ਮਾਣ ਜਗਾਉਣਾ ਸੀ। ਉਨ੍ਹਾਂ ਦੇ ਸੂਰਬੀਰਤਾ ਭਰਪੂਰ ਚਰਿੱਤਰ ਦਾ ਉੱਦਾਤ ਰੂਪ ਜਿਸ ਤਰ੍ਹਾਂ ਇੱਥੇ ਪ੍ਰਗਟ ਹੋਇਆ ਹੈ ਉਸ ਤੋਂ ਉਨ੍ਹਾਂ ਦੀ ਸੂਰਬੀਰਤਾ ਨਿਡਰਤਾ ਤੇ ਸਾਹਸ ਦਾ ਗਿਆਨ ਹੁੰਦਾ ਹੈ ਕਿ ਯੁੱਧ ਖੇਤਰ ਵਿਚ ਜ਼ਾਲਮ ਦੀਆਂ ਸ਼ਕਤੀਸ਼ਾਲੀ ਫ਼ੌਜਾਂ ਦਾ ਮੁਕਾਬਲਾ ਉਹ ਹਮੇਸ਼ਾਂ ਪੂਰੀ ਅਡੋਲਤਾ, ਨਿਡਰਤਾ, ਦਲੇਰੀ ਤੇ ਹਿੰਮਤ ਨਾਲ ਕਰਦੇ ਸਨ ਭਾਵੇਂ ਉਹ ਯੁੱਧ ਮੁਗਲ ਬਾਦਸ਼ਾਹਾਂ ਦੀਆਂ ਫ਼ੌਜਾਂ ਨਾਲ ਹੋਵੇ, ਭਾਵੇ ਹਿੰਦੂ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨਾਲ ਹੋਵੇ, ਭਾਵੇਂ ਉਹ ਅਨੰਦਪੁਰ ਸਾਹਿਬ ਦਾ ਕਿੱਲਾ ਹੋਵੇ ਤੇ ਭਾਵੇਂ ਭੰਗਾਣੀ ਦਾ ਮੈਦਾਨ ਹੋਵੇ। ਗੁਰੂ ਗੋਬਿੰਦ ਸਿੰਘ ਦਾ ਸਾਰਾ ਜੀਵਨ ਤੇ ਉਨ੍ਹਾਂ ਦੁਆਰਾ ਸਿਰਜਿਤ ਸਾਹਿਤਿਕ ਪ੍ਰਵਚਨ ਮੁਖ ਰੂਪ ਵਿਚ

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨੁ ਕੇ ਹੇਤ॥10

ਦੇ ਸੰਕਲਪ ਉੱਤੇ ਅਧਾਰਿਤ ਹੈ। ਖਾਲਸਾ ਪੰਥ ਦੀ ਸਿਰਜਣਾ ਪਿੱਛੇ ਉਨ੍ਹਾਂ ਦਾ ਇਹੀ ਮੂਲ ਮਨੋਰਥ ਕਾਰਜਸ਼ੀਲ ਸੀ ਜਿਸ ਵਿਚ ਵਰਨ ਵਿਵਸਥਾ, ਵਰਗ ਵਿਵਸਥਾ, ਹਰ ਪ੍ਰਕਾਰ ਦੀ ਜ਼ਾਤੀਗਤ, ਭਾਸ਼ਾਗਤ, ਧਰਮਗਤ, ਭਾਰਤੀ ਸਮਾਜਿਕ ਵਿਵਸਥਾ ਦੀ ਥਾਂ ਸਮਾਜਿਕ ਸਮਾਨਤਾ ਤੇ ਮਾਨਵੀ ਏਕਤਾ ਉੱਤੇ ਆਧਾਰਿਤ ਸਮਾਜਿਕ ਵਿਵਸਥਾ ਉਨ੍ਹਾਂ ਦੇ ਜੀਵਨ ਦਾ ਆਦਰਸ਼ ਸੀ। ਉਹ ਹਰ ਪ੍ਰਕਾਰ ਦੇ ਸਮਾਜਿਕ ਵਿਤਕਰੇ ਤੇ ਅਸਮਾਨਤਾ ਨੂੰ ਜੜੋਂ ਸਮਾਪਤ ਕਰਕੇ ਮਨੁੱਖੀ ਕਲਿਆਣ ਦੀ ਭਾਵਨਾ ਉੱਤੇ ਆਧਾਰਿਤ ਸਮਾਜਿਕ ਪ੍ਰਬੰਧ ਦੀ ਉਸਾਰੀ ਦੇ ਇੱਛੁਕ ਸਨ। ਉਨ੍ਹਾਂ ਦਾ ਸਮੁਚਾ ਜੀਵਨ ਅਤੇ ਸਾਹਿਤ ਏਸੇ ਮੂਲ ਆਦਰਸ਼ ਦੀ ਸਥਾਪਤੀ ਨੂੰ ਸਮਰਪਿਤ ਹੈ। ਸਾਰੇ ਸੰਸਾਰ ਨੂੰ ਉਹ ਇਕ ਇਕਾਈ ਦੇ ਭੇਦਾਂ ਦੇ ਬਾਵਜੂਦ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਮਨੁੱਖ ਇਕੋ ਪ੍ਰਭੂ ਦਾ ਰੂਪ ਸਮਝਦੇ ਸਨ। ਧਰਮ, ਕਰਮ, ਵਰਣ, ਵਰਗ, ਦੇਸ਼, ਪ੍ਰਦੇਸ਼, ਜ਼ਾਤ ਪਾਤ, ਰੂਪ, ਰੰਗ ਆਦਿ ਹਰ ਪ੍ਰਕਾਰ ਦੇ ਭੇਦਾਂ ਦੇ ਬਾਵਜੂਦ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਮਨੁੱਖ ਇਕੋ ਹੀ ਜੋਤ ਦੇ ਪ੍ਰਕਾਸ਼ ਦਾ ਪਾਸਾਰ ਹੈ। ਮਨੁੱਖ ਦੇ ਵਖਰੇ ਵਖਰੇ ਰੂਪ ਅਸਲ ਵਿਚ ਇਕੋ ਹੀ ਜੋਤ ਤੋਂ ਪ੍ਰਗਟ ਹੋਏ ਹਨ। ਸਭ ਦੀ ਮੰਜ਼ਿਲ ਇਕ ਹੈ। ਸਭ ਇਕ ਹੀ ਥਾਂ ਤੋਂ ਆਏ ਹਨ ਅਤੇ ਸਭ ਨੇ ਇਕ ਹੀ ਥਾਂ ਤੇ ਜਾਣਾ ਹੈ ਦੇ ਦ੍ਰਿਸ਼ਟਾਂਤ ਸਿਰਜ ਕੇ ਹੇਠਾਂ ਲਿਖੀਆਂ

ਪੰਗਤੀਆਂ ਵਿਚ ਬੜੇ ਤਰਕਮਈ ਤਰੀਕੇ ਨਾਲ ਬਿਆਨ ਕਰਦੇ ਹਨ–

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੈ,
ਨਿਆਰੇ ਨਿਆਰੇ ਹੁਇ ਕੈ ਫੇਰ ਆਗ ਮੈ ਮਿਲਾਂਹਗੇ ॥
ਜੈਸੇ ਏਕ ਧੂਰਿ ਤੇ ਅਨੇਕ ਧੂਰਿ ਪੂਰਤ ਹੈ,
ਧੂਰਿ ਕ ਕਨੂਕਾ ਫੇਰ ਧੂਰਿ ਹੀ ਸਮਾਂਹਗੇ ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ,
ਪਾਨਿ ਕੇ ਤਰੰਗ ਸਬੈ ਪਾਨਿ ਹੀ ਕਹਾਂਹਗੇ ॥
ਤੈਸੇ ਬਿਸਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ,
ਤਾਹੀ ਤੇ ਉਪਜਿ ਸਬੈ ਤਾਹਿ ਮੈ ਸਮਾਂਹਗੇ ॥ 11

ਇੰਝ ਗੁਰੂ ਗੋਬਿੰਦ ਸਿੰਘ ਭਾਰਤੀ ਸਾਂਸਕ੍ਰਿਤਕ ਵਿਰਾਸਤ ਦੇ ਉਹ ਜਨ ਨਾਇਕ ਹਨ ਜੋ ਭਗਤੀ ਤੇ ਸ਼ਕਤੀ ਦੇ ਸੋਮੇ, ਉਦਾਰਤਾ ਤੇ ਸਹਿਣਸ਼ੀਲਤਾ ਦੇ ਭੰਡਾਰ, ਕੋਮਲਤਾ ਤੇ ਨਿਮਰਤਾ ਦੀ ਅਦੁੱਤੀ ਮਿਸਾਲ, ਸੇਵਾ, ਤਿਆਗ ਤੇ ਕੁਰਬਾਨੀ ਦੇ ਪੁੰਜ ਹਨ। ਉਹ ਇਕ ਸੱਚੇ ਮਾਨਵਵਾਦੀ ਸਨ ਜਿਨ੍ਹਾਂ ਨੂੰ ਮਾਨਵਤਾ ਨਾਲ ਅਥਾਹ ਪਿਆਰ ਸੀ। ਮਾਨਵੀ ਮੂਲਾਂ ਤੇ ਆਦਰਸ਼ਾਂ ਦੀ ਸਥਾਪਨਾ ਹੀ ਉਨ੍ਹਾਂ ਦਾ ਅਸਲੀ ਅਕੀਦਾ ਸੀ ਜਿਸਦੀ ਪੂਰਤੀ ਤੇ ਪ੍ਰਾਪਤੀ ਲਈ ਉਨ੍ਹਾਂ ਪੂਰਬਲੇ ਗੁਰੂਆਂ ਤੇ ਸੰਤਾਂ ਭਗਤਾਂ ਦੇ ਮੁਕਾਬਲੇ ਪਰਮ ਸੱਤਿ ਦੀ ਖੋਜ ਤੇ ਪ੍ਰਾਪਤੀ ਲਈ ਪ੍ਰਭੂ ਭਗਤੀ ਦੇ ਨਾਲ ਨਾਲ ਕਰਮਸ਼ੀਲ ਸ਼ਸਤਰਬੰਦ ਜੀਵਨ ਦਾ ਮਾਡਲ ਦਿੱਤਾ ਪਰੰਤੂ ਨਾਲ ਹੀ ਇਸ ਗਲੋਂ ਪੂਰੀ ਤਰ੍ਹਾਂ ਸੁਚੇਤ ਕੀਤਾ ਕਿ ਸ਼ਕਤੀ ਅਥਵਾ ਸ਼ਾਸਤਰ ਦੀ ਵਰਤੋਂ ਅਧਰਮ, ਅਨਿਆਂ ਤੇ ਅਤਿਆਚਾਰ ਦੇ ਵਿਨਾਸ਼ ਅਤੇ ਸੱਚ ਧਰਮ ਤੇ ਨਿਆਂ ਦੀ ਸਥਾਪਤੀ ਲਈ ਕਰਨੀ ਹੈ। ਇਉਂ ਉਹ ਸਹੀ ਅਰਥਾਂ ਵਿਚ ਸੰਤ ਸਿਪਾਹੀ ਸਨ ਜਿਨ੍ਹਾਂ ਨੇ ਸੇਵਾ ਤਿਆਗ, ਸਦਾਚਾਰ ਤੇ ਪ੍ਰਭੂ ਭਗਤੀ ਦੁਆਰਾ ਪਰਮ ਸੱਤਿ ਦੀ ਪ੍ਰਾਪਤੀ ਨੂੰ ਜੀਵਨ ਦਾ ਸਰਵੋਤਮ ਲਕਸ਼ ਬਣਾਉਣ ਦੀ ਪ੍ਰੇਰਣਾ ਦਿੱਤੀ ਅਤੇ ਖੁਦ ਸਾਰਾ ਜੀਵਨ ਇਸਸੇ ਮੂਲ ਆਦਰਸ਼ ਦੀ ਪ੍ਰਾਪਤੀ ਲਈ ਸੰਘਰਸ਼ਸ਼ੀਲ ਰਹੇ। ਗੁਰੂ ਸਾਹਿਬ ਦੀ ਇਹ ਵਡਿਆਈ ਰਹੀ ਹੈ ਕਿ ਉਨ੍ਹਾਂ ਨੇ ਅਜਿਹੇ ਲੋਕਾਂ ਅੰਦਰ ਸ਼ਕਤੀ ਪੈਦਾ ਕੀਤੀ ਜੋ ਆਤਮਿਕ ਤੋਰ ਤੇ ਖੰਡਿਤ ਕਰ ਦਿੱਤੇ ਗਏ ਸਨ। ਭੈਅ ਮੁਕਤ ਹੋ ਕੇ ਇਨ੍ਹਾਂ ਲੋਕਾਂ ਨੇ ਜ਼ਾਲਮ ਅਤੇ ਜ਼ੁਲਮ ਦਾ ਨਾਸ ਕੀਤਾ ਹੈ। ਇਹ ਉਹੀ ਲੋਕ ਸਨ ਜੋ ਹੀਣਤਾ ਦੇ ਕਾਲ ਚੱਕਰ ਵਿਚ ਫਸੇ ਆਪਣੀ ਸ਼ਕਤੀ ਤੋਂ ਬੇਖਬਰ ਸਨ। ਇਸ ਸ਼ਕਤੀ ਨੇ ਭਾਰਤੀ ਇਤਿਹਾਸ ਵਿਚ ਇਕ ਨਵਾਂ ਅਧਿਆਇ ਸ਼ੁਰੂ ਕੀਤਾ ਹੈ।

ਹਵਾਲੇ ਤੇ ਟਿੱਪਣੀਆਂ


1. ਬਚਿਤਰ ਨਾਟਕ ਭਾਗ ਪੰਜਵਾਂ ਬੰਦ 13
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1427
3. ਚੌਬੀਸ ਅਉਤਾਰ ਬਚਿਤਰ ਨਾਟਕ ਭਾਗ ਛੇਵਾਂ, ਬੰਦ 42
4. ਬਚਿਤਰ ਨਾਟਕ ਭਾਗ ਛੇਵਾਂ, ਬੰਦ 42
5. ਸ਼ਸਤਰ ਨਾਮ ਮਾਲਾ
6. ਜ਼ਫ਼ਰਨਾਮਾ, ਬੰਦ 22
7. ਸ਼ਸਤਰ ਨਾਮ ਮਾਲਾ
8. ਬਚਿਤਰ ਨਾਟਕ ਭਾਗ ਪਹਿਲਾ, ਬੰਦ 2
9. ਚੰਡੀ ਚਰਿੱਤਰ, ਬੰਦ 231
10. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1105
11. ਪੰਡਿਤ ਨਰੈਣ ਸਿੰਘ ਗਿਆਨੀ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ ਦਸ ਗ੍ਰੰਥੀ ਸਟੀਕ, ਪੰਨਾ 99



ਸੀਨੀਅਰ ਰਿਸਰਚ ਸਕਾਲਰ
ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

# ਰਾਗੀ ਭਾਈ ਜਸਵਿੰਦਰ ਸਿੰਘ

ਪ੍ਰੋ. ਮੰਗਤ ਸਿੰਘ ਮਸਤਾਨਾ ਗੁਰਬਾਣੀ ਕੀਰਤਨ ਅਧਿਆਪਕ

ਪਿਛਲੇ ਸਮੇਂ ਮੇਰਾ ਐਕਸੀਡੈਂਟ ਹੋ ਗਿਆ ਸੀ। ਮਲੋਟ ਵਿਖੇ ਰਹਿੰਦਿਆਂ ਮੈਂ ਅਨੇਕਾਂ ਵਿਅਕਤੀਆਂ ਨੂੰ ਕੀਰਤਨ ਸਿਖਲਾਈ ਦਿੱਤੀ ਉਹਨਾਂ ਵਿੱਚੋਂ ਵੱਖ ਵੱਖ ਗੁਰਦੁਆਰਾ ਸਾਹਿਬਾਨ ਵਿਖੇ ਕੀਰਤਨ ਕਰ ਕੇ ਆਪਣਾ ਜੀਵਨ ਨਿਰਬਾਹ ਕਰ ਰਹੇ ਹਨ।ਮੇਰੇ ਤੇ ਅੱਜ ਕੁਝ ਔਖਾ ਸਮਾਂ ਹੈ ਅਜੇ ਮੈਂ ਚੰਗੀ ਤਰ੍ਹਾਂ ਚੱਲ ਫਿਰ ਨਹੀਂ ਸਕਦਾ। ਮੇਰੇ ਕੋਲ ਰਹਿਣ ਨੂੰ ਆਪਣਾ ਮਕਾਨ ਵੀ ਨਹੀਂ ਹੈ। ਮੇਰਾ ਲੜਕਾ ਵੀ ਕੇਵਲ ਤਿੰਨ ਹਜ਼ਾਰ ਰੁਪਏ ਤਨਖਾਹ ਲੈਂਦਾ ਹੈ। ਗੁਜ਼ਾਰਾ ਕਰਨਾ ਮੁਸ਼ਕਿਲ ਹੈ। ਮੈਨੂੰ ਹੁਣ ਸੰਗਰੂਰ ਆ ਕੇ ਰਹਿਣਾ ਪੈ ਰਿਹਾ ਹੈ। ਮੇਰੀ ਇੱਛਾ ਹੈ ਕਿ ਮੈਂ ਇੱਥੇ ਕੀਰਤਨ ਸਿਖਲਾਈ ਦੇਣੀ ਆਰੰਭ ਕਰ ਦਿਆਂ।ਜੇ ਕੋਈ ਸੰਸਥਾ ਮੇਰੀਆਂ ਸੇਵਾਂਵਾਂ ਲੈਣਾ ਚਾਹੁੰਦੀ ਹੋਵੇ ਤਾਂ ਉਹ ਮੈਨੂੰ ਹੇਠ ਲਿਖੇ ਪਤੇ ਤੇ ਸੰਪਰਕ ਕਰ ਸਕਦੇ ਹਨ--

ਪ੍ਰੋ ਮੰਗਤ ਸਿੰਘ ਮਸਤਾਨਾਂ ਕੇਅਰ/ਆਫ ਸੰਜੇ ਕੁਮਾਰ ਮਕਾਨ ਨੰ. 192,
ਵਾਰਡ ਨੰ. 12, ਨੂਰਪੁਰਾ ਸਟਰੀਟ
ਸੰਗਰੂਰ, ਮੋਬਾਇਲ : 94637-82514

ਅਜਿਹੇ ਸਮੇਂ ਮੈਨੂੰ ਆਪਣੇ ਕੁਝ ਸ਼ਾਗਿਰਦਾਂ ਦੀ ਯਾਦ ਆਉਂਦੀ ਹੈ। ਮੈਂ ਉਹਨਾਂ ਵਿੱਚੋਂ ਇੱਕ ਸ਼ਾਗਿਰਦ ਭਾਈ ਜਸਵਿੰਦਰ ਸਿੰਘ ਬਾਰੇ ਲਿਖ ਕੇ ਭੇਜ ਰਿਹਾ ਹਾਂ।

ਭਾਈ ਜਸਵਿੰਦਰ ਸਿੰਘ ਜੀ ਦਾ ਜਨਮ ਮਿਤੀ 20-5-1996 ਨੂੰ ਮਾਤਾ ਸੁਖਜੀਤ ਕੌਰ ਦੀ ਕੁਖੋਂ ਭਾਈ ਗੁਰਤੇਜ ਸਿੰਘ ਦੇ ਘਰ ਪਿੰਡ ਮਹਾ ਬੱਧਰ (ਮੁਕਤਸਰ) ਵਿਖੇ ਹੋਇਆ। ਕੁਝ ਸਮੇਂ ਬਾਅਦ ਭਾਈ ਗੁਰਤੇਜ ਸਿੰਘ ਜੀ ਨੂੰ ਪਿੰਡ ਖਿਉਵਾਲੀ (ਮੁਕਤਸਰ) ਦੇ ਗੁਰਦੁਆਰਾ ਸਾਹਿਬ ਵਿਖੇ ਹੈਡਗ੍ਰੰਥੀ ਦੀ ਡਿਊਟੀ ਮਿਲ ਗਈ। ਦਾਸ ਨੂੰ ਪਿੰਡ ਖਿਉਵਾਲੀ ਜਾਣ ਲਈ ਇੱਕ ਮੌਕਾ ਮਿਲਿਆ ਭਾਈ ਗੁਰਤੇਜ ਸਿੰਘ ਜੀ ਨੇ ਅਪਣੇ ਵੱਡੇ ਲੜਕੇ ਭਾਈ ਛਿੰਦਰ ਸਿੰਘ ਦੀ ਮੇਰੇ ਕੋਲ ਟਿਊਸ਼ਨ ਰੱਖ ਦਿੱਤੀ। ਮੈ ਉਹਨਾਂ ਨੂੰ ਕੀਰਤਨ ਸਿਖਾਉਣਾ ਆਰੰਭ ਕੀਤਾ।ਇਹ ਲੜਕਾ ਬਹੁਤ ਸੁਹਣਾ ਕੀਰਤਨ ਕਰਨ ਲੱਗ ਪਿਆ ਫਿਰ ਭਾਈ ਗੁਰਤੇਜ ਸਿੰਘ ਨੇ ਸੋਚਿਆ ਕਿ ਜਸਵਿੰਦਰ ਸਿੰਘ ਨੂੰ ਵੀ ਕੀਰਤਨ ਸਿਖਾਇਆ ਜਾਵੇ ਦਾਸ ਨੇ ਇਸ ਨੂੰ ਵੀ ਕੀਰਤਨ ਸਿਖਾਇਆ ਅਤੇ ਇਹ ਵੀ ਚੰਗਾ ਕੀਰਤਨ ਕਰਨ ਲੱਗ ਪਿਆ ਅਤੇ ਭਾਈ ਜਸਵਿੰਦਰ ਸਿੰਘ ਦੇ ਨਾਮ ਨਾਲ ਜਾਣਿਆ ਜਾਣ ਲੱਗ ਪਿਆ। ਭਾਈ ਜਸਵਿੰਦਰ ਸਿੰਘ ਨੇ ਆਪਣੇ ਵੱਡੇ ਭਾਈ ਛਿੰਦਰ ਸਿੰਘ ਪਾਸੋਂ ਤਬਲਾ ਸਿੱਖਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਆਪਣੇ ਪਿਤਾ ਭਾਈ ਗੁਰਤੇਜ ਸਿੰਘ ਪਾਸੋਂ ਪ੍ਰਾਪਤ ਕੀਤੀ। ਆਪ ਨੇ ਮੈਟਰਿਕ ਤੱਕ ਸਕੂਲੀ ਸਿੱਖਿਆ ਪ੍ਰਾਪਤ ਕੀਤੀ ਹੋਈ ਹੈ।ਭਾਈ ਗੁਰਤੇਜ ਸਿੰਘ ਜੀ 1-2 ਸਾਲਾਂ ਬਾਅਦ ਸੁਰਗਵਾਸ ਹੋ ਗਏ। ਪਿੰਡ ਵਾਲਿਆਂ ਨੇ ਭਾਈ ਛਿੰਦਰ ਸਿੰਘ ਜੀ ਨੂੰ ਗੁ. ਸਾਹਿਬ ਦੇ ਹੈੱਡ ਗ੍ਰੰਥੀ ਬਣਾ ਦਿੱਤਾ ਹੁਣ ਦੋਨੋ ਭਾਈ ਗੁਰਦੁਆਰਾ ਸਾਹਿਬ (ਡਿਊਟੀ) ਦੋਨੋ ਟਾਈਮ ਨਿਤਨੇਮ ਅਤੇ ਕੀਰਤਨ ਕਰਦੇ ਹਨ।ਮੇਰੀ ਅਰਦਾਸ ਹੈ ਇਹਨਾਂ ਨੂੰ ਪ੍ਰਮਾਤਮਾ ਚੜ੍ਹਦੀ ਕਲਾ ਬਖ਼ਸ਼ੇ ਏਸੇ ਤਰ੍ਹਾਂ ਗੁਰੂ ਘਰ ਨਾਲ ਜੁੜੇ ਰਹਿਣ।

# THE MAGICAL EFFECTS OF MUSIC

Dr. Sarabjeet Singh

Music is the soul of life. There is no life without music. During the moments of grief or sorrow, music acts as a healer and music inspires the humans to live an optimistic life. Music adds life in every event. It can be noticed that a person who hates music can never lead a colorful or blissful life. Instead his life remains colorless. Music has also helped many people to get rid of depression and anxiety. We can feel and enjoy music all around us in numerous ways. The sound of water flowing and sweet melody of birds chirping is all musical. The love and attachment of human soul and music is not new. It's been prevailing from ancient time. People all over the world have always been mesmerized by music and its magic will remain as such in the coming future. Every individual has naturally been gifted with the fondness for music. Music is truly a necessary element of life.

Music is an integral part of everyday lives. Never before in the history of humanity have so many different kinds of music been so easily available to so many people. The development of the electronic media in the later part of 20th century revolutionized access to and use of music in our everyday lives. We can turn on the radio, play a Cd or tape, or listen to music on video or TV with every little effort.

We can turn on the radio, play a CD or tape, or listen to music on video or TV with very little effort. This has not always been the case. Prior to these developments, music was only accessible for most people if they made it themselves or attended particular religious or social events. The effects of these changes have been dramatic. It is now possible for us to use music to manipulate personal moods, arousal and feelings, and create environments which may manipulate the ways that other people feel and behave. Individuals can and do use music as an aid to relaxation, to overcome powerful emotions, to generate the right mood for going to a party, to stimulate concentration, in short, to promote their well being. It has become a tool to be used to enhance our self. It would not be wrong if we say that music acts as a super power that connects the whole together. The barriers of language and religion cannot restrict music to flourish in a foreign country. Music has the power to dissolve the physical boundaries of the nations. It removes the barriers of age and language. Music works as a life-management service. It helps to speed up reaction time, increases alertness, improves coordination between the mind and body and facilitates efficiency in perception and performance. Since ancient times, music has been a part of the Indian culture. It is a very old part of Ayurveda which promotes a happy and a healthy life. The rhythmic sounds found in the temple bells and 'shankhas' are also a form of music. They tend to destroy the bacteria and germs in the surroundings.

**DIFFERENT TYPES OF MUSIC**

The different types of music are:-

1) Classical Music: Classical music needs skills like learning the various ragas and the ability to co-ordinate with the other musicians. This form of music requires specialized training.
2) Rock Music: In this form of music, vocals are accompanied by guitar, drums, bass, piano and saxophone for a deeper effect.
3) Metal Music: In metal music, the song's melody depends on its structure.
4) Hip-Hop Music: This type of music is a result of the hip-hop culture. It makes use of

instruments like guitar, violin, fiddle, piano, bass and drums. However, the bass is the main instrument.

5) Trance Music: This music is characterized by fast tempo and repetitious beats. This kind of music is often heard in discotheques and clubs.
6) Jazz: This music comprises of strong and complex rhythms. The main Instruments used are cornet, trumpet or violin.
7) Folk Music: Folk music is handed down from generation to generation in every culture. It indicates social upheaval.
8) Techno Music: This is a form of electronic music. It is also known as 'fusion music'. It has very fast beats.
9) Opera Music: Opera music is a combination of art and music that is generally witnessed in the theatres. There are still more types of music such as Celtic Music, Religious Music and Chamber Music.

**SCOPE OF MUSIC**

Music has the power to influence human emotions and behavior. It has been proved that music stimulates many parts of the body and the brain. Music can be used as a healer, relaxer and mediator. Music is a kind of yoga system, through the medium of sonorous sounds (sounds that are not audible to the ear, but they have an impact on the functioning of the brain also influence our thought processes). These sounds act upon the individual, awaken and develop his proper functions to the extent of self-actualization.

(1) Music helps to enhance self-esteem.
(2) It improves concentration on a certain task.
(3) It enhances academic performance.
(4) Autistic and retarded children respond very well to certain kinds of music.
(5) Playing music in the background, as we do some work, being unaware of the music itself, enables us to reduce stress and thus enhances our performance.
(6) Listening to the various sounds of nature like the waves of the ocean, the calmness of the deep forests can provide instant relief from stress.
(7) Music also enables us to regulate sleep cycle for insomnia patients.
(8) It helps to maintain sugar levels in the blood and thus control diabetes.
(9) Music aids to stabilize blood pressure and heart rate.
(10) Special pieces of music enable hens to lay more eggs.
(11) It aids cows to yield more milk.
(12) Research has proved that almost all types of music except for rock music facilitate the growth of plants.
(13) It can also be used to cure autism, dementia and Alzheimer's disease.
(14) Mentally retarded children show an improvement in academic performance, when exposed to music.
(15) Pregnant women when exposed to music develop a positive attitude and a relaxed mental state of mind. It also enables the mother to give birth to a brilliant child.

Dr. Sarabjeet Singh
Lecturer in music (v)
Govt. Aarohi Model Sr. Sec School,
Agroha (Hisar)

# ਸੁਰ ਲਿਪੀ– ਰਾਗ ਸਰਸਵਤੀ ਮਲ੍ਹਾਰ

ਗੁਰਬਖ਼ਸ਼ ਸਿੰਘ (ਕਰਤਾ ਰਾਗਾਂਜਲੀ) WWW.GURBANIRAAGS.COM

ਰਾਗ ਸਰਸਵਤੀ ਅਤੇ ਮਲ੍ਹਾਰ ਦੇ ਜੋੜ ਨਾਲ ਲੇਖਕ ਨੇ ਇਸ ਰਾਗ ਨੂੰ ਰਚਿਆ ਹੈ। ਪੂਰਵਾਂਗ ਵਿੱਚ ਮਲ੍ਹਾਰ ਅਤੇ ਉਤਰਆਂਗ ਵਿੱਚ ਸਰਤਵਤੀ ਹੈ। ਇਸ ਰਾਗ ਵਿੱਚ ਦੋਵੇਂ ਮੱਧਯਮ ਕੋਮਲ ਨਿਖਾਦ, ਗੰਧਾਰ ਵਰਜਤ ਅਤੇ ਬਾਕੀ ਸੁਰ ਸ਼ੁੱਧ ਹਨ। ਇਸ ਦਾ ਵਾਦੀ ਸੁਰ ਸ਼ੁੱਧ ਮੱਧਯਮ ਅਤੇ ਸੰਵਾਦੀ ਖਰਜ ਹੈ। ਇਹ ਰਾਗ ਬਰਖਾ ਰੁੱਤ ਵਿੱਚ ਕਿਸੇ ਵੇਲੇ ਵੀ ਪਰ ਆਮ ਅੱਧੀ ਰਾਤ ਗਏ ਇਸ ਦੇ ਗਾਉਣ ਦਾ ਸਮਾਂ ਹੈ। ਇਸ ਦਾ ਮੁੱਖ ਅੰਗ ਇਸ ਤਰ੍ਹਾ ਹੈ:

ਮ ਰ – (ਮ)ਰ (ਮ)ਰ ਪ – ਮ' ਪ ਧ ਨੁ ਧ ਸੰ।

**ਆਰੋਹ ਵਿੱਚ ਤੀਵਰ ਮੱਧਯਮ ਅਤੇ ਆਰੋਹ ਵਿੱਚ ਸ਼ੁੱਧ ਮੱਧਯਮ ਦਾ ਪ੍ਰਯੋਗ ਹੋਇਆ ਹੈ। ਆਰੋਹ ਵਿੱਚ ਨਿਖਾਦ ਵਕ੍ਰ ਹੈ।**

**ਚਾਲ :** ਸ (ਮ)ਰ (ਮ)ਰ – ਪ ਮ ਰ – ਨ਼ ਧ਼ ਸ, ਸ ਨ਼ ਧ਼ ਪ਼ – ਮ਼' ਪ਼ ਧ਼ ਨ਼ ਧ਼ ਸ, ਸ (ਮ)ਰ ਮ – ਮ ਰ – ਨ਼ ਧ਼ ਸ, ਸ ਰ ਮ – ਮ – ਰ ਸ, ਸ (ਮ)ਰ (ਮ)ਰ ਪ – ਮ' ਪ ਮ ਰ – ਮ – ਮ ਰ – ਨ਼ ਧ਼ ਸ, ਸ ਰ ਮ (ਮ)ਰ (ਮ)ਰ ਪ – ਮ' ਪ ਮ (ਮ)ਰ – ਪ – ਮ' ਪ ਧ ਨੁ ਧ ਪ, ਮ' ਪ ਧ ਨੁ ਧ ਸੰ, ਸੰ ਰੰ ਨੁ ਧ ਸੰ, ਸੰ (ਮੰ)ਰੰ ਮੰ – ਰੰ – ਨੁ ਧ ਸੰ, ਧ ਨੁ ਧ ਸੰ – ਨੁ ਧ ਪ ਮ' ਪ ਮ (ਮ)ਰ (ਮ)ਰ ਪ – ਮ' ਪ ਮ ਰ – ਨ਼ ਧ਼ ਸ।

## ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | (ਸ)ਮ | ਰ | ਸਨ਼ | ਧ਼ | ਨ਼ਧ਼ |
| | | | | | | | | | | | ਬ | ਰ | ਸऽ | ऽ | ऽਘ |
| ਸ | – | ਨ਼ਧ਼ | ਸ | (ਮ)ਰ | (ਮ)ਰ | ਮ | ਮ | (ਮ)ਰ | –ਸ | ਸ | ਨ਼ | ਨ਼ | ਧ਼ | – | ਨ਼ਧ਼ |
| ਨਾ | ऽ | ਮੇऽ | ਰਾ | ਪਿ | ਰ | ਘ | ਰ | ਆ | ऽਇ | ਆ | ਬ | ਲ | ਜਾ | ऽ | ऽऽ |
| ਸ | – | ਸ | ਸ | (ਮ)ਰ | (ਮ)ਰ | ਮ | ਮ | (ਮ)ਰ | (ਮ)ਰ | ਪ | ਪ | ਮ' | ਮ' | ਪ | ਪ |
| ਵਾਂ | ऽ | ਗੁ | ਰ | ਅ | ਪ | ਨੇ | ਪ੍ਰੀ | ਤ | ਮ | ਜਿ | ਨ | ਹ | ਰ | ਪ੍ਰ | ਭ |
| ਧ | ਨੁ | ਧ | ਸੰ | ਨੁ | ਧ | ਪਮ' | ਪਪ | (ਮ)ਰ | – | ਮ | ਮ | ਮਮ | ਰਸ | ਨ਼ | ਧ਼ਨ਼ |
| ਆ | ऽ | ਣ | ਮਿ | ਲਾ | ऽ | ऽऽ | ऽਇ | ਆ | ऽ | ऽ | ऽ | ਬऽ | ਰऽ | ਸ | –ਘ |
| ਸ | – | ਨ਼ | ਸ | (ਮ)ਰ | (ਮ)ਰ | ਮ | ਮ | | | | | | | | |
| ਨਾ | ऽ | ਮੇ | ਰਾ | ਪਿ | ਰ | ਘ | ਰ | | | | | | | | |
| × | | | | 2 | | | | 0 | | | | 3 | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | ਮ' | ਪ | ਧ | ਨੁ | ਧ |
| | | | | | | | | | | | ਜਿ | ਨ | ਧ | ऽ | ਨ |
| ਸੰ | ਸੰ | ਸੰ | – | ਸੰ | ਰੰ | ਮੰ | ਰੰ | ਸੰਨੁ | ਧ | ਸੰ | ਸੰ | ਨੁ | ਨੁ | ਧ | ਪ |
| ਪਿ | ਰ | ਕਾ | ऽ | ਸਾ | ऽ | ਦ | ਨ | ਜਾऽ | ਨਿ | ਆ | ਸਾ | ਬਿ | ਲ | ਖ | ਬ |
| ਮ' | ਮ' | ਪ | ਪ | ਧ | ਨੁ | ਧ | ਸੰ | ਨੁ | ਧ | ਪ | – | ਮ' | ਮ' | ऽ | ਮ' |
| ਦ | ਨ | ਕੁ | ਮ | ਲਾ | ऽ | ऽ | ऽ | ऽ | ऽ | ਈ | ऽ | ਭ | ਈ | ऽ | ਨਿ |
| ਪ | – | ਮ' | ਪ | (ਮ)ਰ | (ਮ)ਰ | ਮ' | ਪ | ਮ | ਰ | ਮ | – | (ਸ)ਨ਼ | ਧ਼ | ਸ | ਸ |
| ਰਾ | ऽ | ਸੀ | ਕ | ਰ | ਮ | ਕੀ | ऽ | ਫਾ | ऽ | ਸੀ | ऽ | ਬਿ | ਨ | ਗੁ | ਰ |
| (ਮ)ਰ | ਮ' | ਪ | ਧਨੁ | ਧਨੁ | ਧਸੰ | ਨੁਧ | ਮ'ਪ | ਮ | ਰ | ਮ | – | ਮਰ | ਸਨ਼ | ਧ਼ਨ਼ | ਧ਼ਨ਼ |
| ਭ | ਰ | ਮ | ਭੁऽ | ਲਾऽ | ऽऽ | ऽऽ | ऽऽ | ਆ | ऽ | ਨੀ | ऽ | ਬऽ | ਰऽ | ਸऽ | ਘ |
| ਸ | – | ਨ਼ | ਸ | (ਮ)ਰ | (ਮ)ਰ | ਪ | ਮ | (ਮ)ਰ | –ਸ | ਸ | | | | | |
| ਨਾ | ऽ | ਮੇ | ਰਾ | ਪਿ | ਰ | ਘ | ਰ | ਅ | ऽਇ | ਆ | | | | | |
| × | | | | 2 | | | | 0 | | | | 3 | | | |

RNI Regd.No. 46788/89 ISSN 0972-2335

# ਸ਼ਬਦ ਅਰਥ

ਰਾਗ ਸਰਸਵਤੀ ਮਲ੍ਹਾਰ (ਤਿੰਨ ਤਾਲ)

ਜਿਨਿ ਧਨ ਪਿਰ ਕਾ ਸਾਦੁ ਨਾ ਜਾਨਿਆ ਸਾ ਬਿਲਖ ਬਦਨ ਕੁਮਲਾਨੀ॥

The soul-bride who has not known delight with her Husband Lord, shall weep and wail with a wretched face.

ਭਈ ਨਿਰਾਸੀ ਕਰਮ ਕੀ ਫਾਸੀ ਬਿਨੁ ਗੁਰ ਭਰਮਿ ਭੁਲਾਨੀ॥੧॥

She becomes hopeless, caught in the noose of her own karma; without the Guru, she wanders deluded by doubt. ||1||

ਬਰਸੁ ਘਨਾ ਮੇਰਾ ਪਿਰੁ ਘਰਿ ਆਇਆ॥

So rain down, O clouds. My Husband Lord has come home.

ਬਲਿ ਜਾਵਾਂ ਗੁਰ ਅਪਨੇ ਪ੍ਰੀਤਮ ਜਿਨਿ ਹਰਿ ਪ੍ਰਭੁ ਆਣਿ ਮਿਲਾਇਆ ॥੧॥ਰਹਾਉ॥

I am a sacrifice to my Guru, who has led me to meet my Lord God. ||1||Pause||

ਨਉਤਨ ਪ੍ਰੀਤਿ ਸਦਾ ਠਾਕੁਰ ਸਿਉ ਅਨਦਿਨੁ ਭਗਤਿ ਸੁਹਾਵੀ॥

My love, my Lord and Master is forever fresh; I am embellished with devotional worship night and day.

ਮੁਕਤਿ ਭਏ ਗੁਰਿ ਦਰਸੁ ਦਿਖਾਇਆ ਜੁਗਿ ਜੁਗਿ ਭਗਤਿ ਸੁਭਾਵੀ॥੨॥

I am liberated, gazing on the Blessed Vision of the Guru's Darshan. Devotional worship has made me glorious and exalted throughout the ages. ||2||

ਹਮ ਥਾਰੇ ਤ੍ਰਿਭਵਣ ਜਗੁ ਤੁਮਰਾ ਤੂ ਮੇਰਾ ਹਉ ਤੇਰਾ॥

I am Yours; the three worlds are Yours as well. You are mine, and I am Yours.

ਸਤਿਗੁਰਿ ਮਿਲਿਐ ਨਿਰੰਜਨੁ ਪਾਇਆ ਬਹੁਰਿ ਨ ਭਵਜਲਿ ਫੇਰਾ ॥੩॥

Meeting with the True Guru, I have found the Immaculate Lord; I shall not be consigned to this terrifying world-ocean ever again. ||3||

ਅਪੁਨੇ ਪਿਰ ਹਰਿ ਦੇਖਿ ਵਿਗਾਸੀ ਤਉ ਧਨ ਸਾਚੁ ਸੀਗਾਰੋ॥

If the soul-bride is filled with delight on seeing her Husband Lord, then her decorations are true.

ਅਕੁਲ ਨਿਰੰਜਨ ਸਿਉ ਸਚਿ ਸਾਚੀ ਗੁਰਮਤਿ ਨਾਮੁ ਅਧਾਰੋ॥੪॥

With the Immaculate Celestial Lord, she becomes the truest of the true. Following the Guru's Teachings, she leans on the Support of the Naam. ||4||

ਮੁਕਤਿ ਭਈ ਬੰਧਨ ਗੁਰਿ ਖੋਲੇ ਸਬਦਿ ਸੁਰਤਿ ਪਤਿ ਪਾਈ॥

She is liberated; the Guru has untied her bonds. Focusing her awareness on the Shabad, she attains honor.

ਨਾਨਕ ਰਾਮ ਨਾਮੁ ਰਿਦ ਅੰਤਰਿ ਗੁਰਮੁਖਿ ਮੇਲਿ ਮਿਲਾਈ॥੫॥੪॥

O Nanak, the Lord's Name is deep within her heart; as Gurmukh, she is united in His Union. ||5||4||

(ਮਲਾਰ ਮਹਲਾ ੧)